ਜੂਨ 1987

ਮੁੱਲ--ਦੋ ਰੁਪਏ

85

## ਸੰਪਾਦਕੀ : ਗਵਰਨਰੀ ਰਾਜ

ਪੰਜਾਬ ਵਿਚ ਹੁਣੇ ਗਵਰਨਰੀ ਰਾਜ ਲਾਗੂ ਹੈ। ਬਰਨਾਲਾ ਸਰਕਾਰ ਦੇ ਚਲੇ ਜਾਣ ਦਾ ਕਿਸੇ ਨੂੰ ਅਫ਼ਸੋਸ ਨਹੀਂ, ਕਿਉਂਕਿ ਇਸ ਸਰਕਾਰ ਦੀ ਪ੍ਰਾਪਤੀ ਜ਼ੀਰੋ ਦੇ ਬਰਾਬਰ ਹੀ ਰਹੀ ਹੈ। ਇਕ ਵੀ ਐਸਾ ਕੰਮ ਨਹੀਂ, ਜਿਸ ਬਾਰੇ ਇਹ ਸਰਕਾਰ ਮਾਣ ਕਰ ਸਕੇ। ਉਹ ਸਰਕਾਰ ਜਿਹੜੀ ਏਨੀ ਬਹੁਮੱਤ ਨਾਲ ਵਜੂਦ ਵਿਚ ਆਈ, ਉਹ 20 ਮਹੀਨੇ ਵੀ ਨਾ ਕੱਟ ਸਕੀ। ਇਸ ਸਰਕਾਰ ਦੀ ਹਾਰ ਅਸਲ ਵਿਚ ਅਕਾਲੀ ਸਿਆਸਤ ਦੀ ਹਾਰ ਵੀ ਹੈ। ਇਸ ਸਿਆਸਤ ਦੀ ਹਾਰ ਹੋਣੀ ਹੀ ਹੋਣੀ ਹੈ। ਵੀਹਵੀਂ ਸਦੀ ਦੀ ਸਿਆਸਤ ਦੇ ਪ੍ਰਸੰਗ ਵਿਚ ਇਹ ਧਰਮ ਆਧਾਰਤ ਸਿਆਸਤ ਇਕ ਪਿਛਾਖੜ ਸਿਆਸਤ ਹੈ। **ਇਸ ਸਿਆਸਤ ਦੀ ਹਾਰ ਯਕੀਨੀ ਹੈ।** ਮਸਲੇ ਆਰਥਕਤਾ ਦੇ ਹਨ ਤੇ ਰੰਗ ਉਹਨਾਂ ਨੂੰ ਧਰਮ ਦਾ ਦਿਤਾ ਜਾਂਦਾ ਹੈ। ਗੱਲ ਸਿਰੇ ਕਿਸ ਤਰ੍ਹਾਂ ਲੱਗ ਸਕਦੀ ਹੈ।

ਪਰ ਜਿਸ ਮਕਾਰੀ ਨਾਲ ਇਹ ਵਜ਼ਾਰਤ ਬਰਖਾਸਤ ਕੀਤੀ ਗਈ ਹੈ, ਉਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਏ, ਉਨੀ ਹੀ ਥੋੜ੍ਹੀ ਹੈ। ਇਕ ਪੱਜ ਇਹ ਲਾਇਆ ਗਿਆ ਹੈ ਕਿ ਬਰਨਾਲਾ ਵਜ਼ਾਰਤ ਅਤਿਵਾਦ ਉਤੇ ਕਾਬੂ ਨਹੀਂ ਪਾ ਸਕੀ। ਇਸ ਅਸਫਲਤਾ ਦੀ ਜ਼ਿਮੇਂਵਾਰੀ ਸਿਰਫ ਬਰਨਾਲਾ ਸਰਕਾਰ ਉੱਤੇ ਕਿਉਂ ਹੈ? ਅਮਨ ਅਤੇ ਕਾਨੂੰਨ ਦੀ ਪੂਰੀ ਦੀ ਪੂਰੀ ਜ਼ਿਮੇਂਵਾਰੀ ਰੀਬੇਰੋ ਉਤੇ ਸੀ। ਉਹ ਖਾਸ ਕੇਂਦਰ ਵਲੋਂ ਭੇਜਿਆ ਗਿਆ ਸੀ। ਉਹ ਕੇਂਦਰੀ ਸਰਕਾਰ ਦਾ ਪੂਰੀ ਤਰ੍ਹਾਂ ਨੁਮਾਂਇਦਾ ਸੀ। ਸਾਰੀ ਪੁਲਸ ਭਾਵੇਂ ਉਹ ਪੰਜਾਬ ਪੁਲਸ ਸੀ, ਕੇਂਦਰੀ ਰੀਜ਼ਰਵ ਪੁਲੀਸ ਫ਼ੋਰਸ ਸੀ ਜਾਂ ਬਾਰਡਰ ਸਿਕਿਉਰਟੀ ਫੋਰਸ ਸੀ, ਉਹ ਉਹਨਾਂ ਦਾ ਪੂਰੀ ਤਰ੍ਹਾਂ ਕਰਤਾ ਧਰਤਾ ਸੀ। ਉਹ ਕਿਸੇ ਦੀ ਨਹੀਂ ਸੁਣਦਾ ਸੀ। ਰਾਜੀਵ ਗਾਂਧੀ ਨਾਲ ਉਹਦਾ ਸਿੱਧਾ ਸੰਬੰਧ ਸੀ। ਬੂਟਾ ਸਿੰਘ ਦੀਆਂ ਉਹਨੂੰ ਹਦਾਇਤਾਂ ਮਿਲਦੀਆਂ ਸਨ। ਇਸ ਸਚਾਈ ਨੂੰ ਝੁਠਲਾਣ ਲਈ ਤੇ ਲੋਕਾਂ ਵਿਚ ਭੁਲੇਖਾ ਪਾਉਣ ਦੀ ਖਾਤਿਰ ਗਵਰਨਰ ਨੇ ਕਾਗਜ਼ਾਂ ਵਿਚ ਉਸਨੂੰ ਹੋਰ ਤਾਕਤ ਦਾ ਏਲਾਨ ਕਰ ਦਿਤਾ ਹੈ। ਅਸਲ ਵਿਚ ਉਹ ਪਹਿਲੇ ਹੀ ਸਾਰੀ ਤਾਕਤ ਦਾ ਮਾਲਕ ਸੀ। ਬਾਕੀ ਇਹ ਕਹਿਣਾ ਕਿ ਅਕਾਲੀ ਵਜ਼ੀਰ ਪ੍ਰਸ਼ਾਸਨ ਵਿਚ ਦਖਲਅੰਦਾਜ਼ੀ ਕਰਦੇ ਸਨ। ਇਹ ਦਖਲਅੰਦਾਜ਼ੀ ਦੇਸ਼ ਦੇ ਰਾਜਸੀ ਪ੍ਰਬੰਧ ਦਾ ਇਕ ਹਿੱਸਾ ਹੈ।

## ਇਸ ਅੰਕ ਵਿਚ :

**ਸੰਪਾਦਕੀ** : ਗਵਰਨਰੀ ਰਾਜ o ਸਾਥੀ ਬਲਵੰਤ ਸਿੰਘ ਤੇ ਸਾਥੀ ਦੀਪਕ ਧਵਨ ਦੀ ਯਾਦ ਵਿਚ

**ਸੰਪਾਦਕੀ ਟਿੱਪਣੀਆਂ** : ਅਕਾਲੀ ਜਾਂ ਸਿੱਖ ਸਿਆਸਤ o ਧਰਮ ਆਧਾਰਤ (ਫਿਰਕੂ) ਸਿਆਸਤ ਬਨਾਮ ਧਰਮ (ਅਸੂਲ) ਦੀ ਸਿਆਸਤ o ਇਕ ਹੋਰ ਕਾਲੀ ਸ਼ਕਤੀ o ਸੁਸ਼ੀਲ ਮੁੰਨੀ ਜੀ ਦਾ ਮਿਸ਼ਨ o ਸੀ.ਪੀ.ਆਈ. ਤੇ ਸੀ.ਪੀ.ਐਮ. ਲਈ ਸੋਚਣ ਵਾਲਾ ਮਸਲਾ o ਰਾਜਸੀ ਚਾਲਾਂ o ਗਵਰਨਰ ਅਤੇ ਰਬੇਰੋ ਵਲੋਂ ਅਸਿੱਧੇ ਤੌਰ ਤੇ ਇਕਬਾਲ o ਰੇਡ ਗਾਰਡਾਂ ਵਲੋਂ ਐਕਸ਼ਨਾਂ ਦੀ ਜ਼ਿੰਮੇਵਾਰੀ o ਪ੍ਰੋ. ਪ੍ਰੇਮ ਸਿੰਘ ਚੰਦੂ ਮਾਜਰਾ ਦਾ ਇਕਬਾਲੀਆ ਬਿਆਨ o ਪ੍ਰਧਾਨ ਮੰਤਰੀ ਦੇ ਮੂੰਹ ਗੁੰਡਿਆਂ ਵਾਲੀ ਭਾਸ਼ਾ o ਅਤਿਵਾਦ ਦੀ ਪ੍ਰੇਰਨਾ o ਕੁਦਰਤੀ ਕਰੋਪੀ : ਕਿਸਾਨਾਂ ਦੇ ਹੋਏ ਨੁਕਸਾਨ ਨੂੰ ਕੌਮੀ ਫੰਡ ਵਿਚੋਂ ਪੂਰਾ ਕੀਤਾ ਜਾਏ o ਇਰਾਦੀ ਕਮਿਸ਼ਨ o ਪੰਜਾਬ ਦੀ ਹਿੰਦੂ ਵਸੋਂ ਦੀ ਰਾਇਆਮਾ

ਨਾਟਕ : **ਦਾਸਤਾਨ-ਏ-ਪੰਜਾਬ** / ਗੁਰਸ਼ਰਨ ਸਿੰਘ o **ਪਾਠਕ ਲੇਖਕ ਫੋਰਮ** : ਸਾਵਣ ਸਿੰਘ, ਗੁਰਮੇਲ ਸਿੰਘ, ਬਲਬੀਰ ਪਰਵਾਨਾ ਤੇ ਗੁਰਸ਼ਰਨ ਸਿੰਘ ਵਲੋਂ ਟਿੱਪਣੀ, ਅਵਤਾਰ ਗੋਂਦਾਰਾ, ਲਾਲ ਸਿੰਘ ਸੇਖੋਂ, ਸੁਖਮਿੰਦਰ ਬਾਗੀ, ਪ੍ਰੀਤ ਫਰੀਦਕੋਟੀ ਅਤੇ ਕੈਨੇਡਾ ਦੀ ਜਥੇਬੰਦੀ ਦਾ ਇਕ ਦਸਤਾਵੇਜ਼

ਪਹਿਲੇ ਅਕਾਲੀਆਂ ਦੀ ਹੁੰਦੀ ਸੀ, ਹੁਣ ਕਾਂਗਰਸੀਆਂ ਦੀ ਹੋਵੇਗੀ। ਪਿਛਲੇ ਕੁਝ ਦਿਨਾਂ ਵਿਚ ਹੀ ਉੱਜੜੇ ਹੋਏ ਕਾਂਗਰਸੀ ਭਵਨਾਂ ਦੀ ਰੌਣਕ ਵਧਨੀ ਸ਼ੁਰੂ ਹੋ ਗਈ। ਇਹ ਰਾਜਸੀ ਦਖਲ ਅੰਦਾਜ਼ੀ ਤਾਂ ਅਸਲ ਵਿਚ ਦੇਣ ਹੀ ਸਾਰੀ ਕਾਂਗਰਸ ਕਲਚਰ ਦੀ ਹੈ। ਗਵਰਨਰ ਰੇਅ ਕੋਈ ਗੈਰਸਿਆਸੀ ਬੰਦਾ ਨਹੀਂ। ਉਹ ਪੂਰੀ ਤਰ੍ਹਾਂ ਕਾਂਗਰਸੀ ਹੈ। ਕਾਂਗਰਸ ਪਾਰਟੀ ਦੇ ਹਿੱਤ ਉਹਦੇ ਹਿੱਤ ਹਨ। ਬੰਗਾਲ ਦੀ ਸਿਆਸਤ ਤੋਂ ਉਹ ਛੇਕਿਆ ਹੋਇਆ ਹੈ। ਗਵਰਨਰੀ ਦੀ ਸੇਵਾ ਤੋਂ ਬਾਅਦ ਉਹ ਵੀ ਕਿਸੇ ਕੇਂਦਰੀ ਵਜ਼ਾਰਤ ਵਿਚ ਚਲਾ ਜਾਏਗਾ, ਜਿਸ ਤਰ੍ਹਾਂ ਅਰਜਨ ਸਿੰਘ ਗਿਆ ਸੀ।

ਬਰਨਾਲਾ ਸਰਕਾਰ ਜੇ ਪੰਜਾਬ ਦੇ ਲੋਕਾਂ ਲਈ ਕੁਝ ਨਹੀਂ ਕਰ ਸਕੀ ਤਾਂ ਇਹਦੀ ਨਲਾਇਕੀ ਦੇ ਨਾਲ ਨਾਲ ਕੇਂਦਰੀ ਸਰਕਾਰ ਵੀ ਇਸ ਦੀ ਜ਼ਿਮੇਂਵਾਰੀ ਤੋਂ ਕਿਸੇ ਤਰ੍ਹਾਂ ਵੀ ਸੁਰਖ਼ਰੂ ਨਹੀਂ ਹੋ ਸਕਦੀ। ਕੇਂਦਰ ਨੇ ਪੰਜਾਬ ਸਮਝੌਤੇ ਦੀਆਂ ਉਹ ਮੱਦਾਂ ਜਿੰਨਾਂ ਨਾਲ ਪੰਜਾਬ ਦੇ ਲੋਕਾਂ ਤੇ ਖਾਸ ਕਰਕੇ ਸਿਖਾਂ ਦੀ ਮਾਨਸਿਕਤਾ ਵਿਚ ਕੋਈ ਫਰਕ ਆ ਸਕਦਾ ਸੀ, ਨਾ ਲਾਗੂ ਕਰ ਕੇ ਬਰਨਾਲਾ ਸਰਕਾਰ ਨੂੰ ਪੂਰੀ ਤਰ੍ਹਾਂ ਢਾਹ ਲਾਦੀ ਹੈ। ਇਸ ਸਰਕਾਰ ਨੂੰ ਜ਼ਬਾਨੀ ਕਲਾਮੀ ਤਾਂ ਪੂਰਾ ਸਹਿਯੋਗ ਦੇਣ ਦੀਆਂ ਟਾਹਰਾਂ ਮਾਰੀਆਂ ਪਰ ਅਮਲ ਵਿਚ ਇਸਨੂੰ ਡੇਗਣ ਲਈ ਠਿੱਬੀਆਂ ਮਾਰੀਆਂ। ਬਰਨਾਲਾ ਅਤੇ ਉਹਦੇ ਵਜ਼ੀਰ ਇਹ ਸਭ ਕੁਝ ਜਾਣਦੇ ਸਨ 'ਪਰ ਜਿੰਨੀ ਦੇਰ ਸਰਕਾਰੀ ਖਜ਼ਾਨੇ ਦੀ ਲੁੱਟ ਹੋ ਸਕਦੀ ਹੈ, ਉਹ ਕਰੋ, ਜਿੰਨੀ ਦੇਰ ਗੱਡੇ ਕੱਠੇ ਹੋ ਸਕਦੇ ਨੇ, ਕਰੋ' ਦੇ ਅਸੂਲ ਤੇ ਅਮਲ ਕਰਦੇ ਉਹ ਢੀਠਤਾਈ ਨਾਲ ਇਹਨਾਂ ਠਿੱਬੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹੇ ਹਨ। ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ। 70,000 ਏਕੜ ਦੀ ਸ਼ਰਤ ਰੱਖੀ ਗਈ। ਪੰਜਾਬ ਦੇ ਪਿੰਡਾਂ ਦੇ ਲੋਕਾਂ ਦਾ ਕੀ ਕਸੂਰ ਹੈ ਕਿ ਉਹ ਇਕ ਪੱਥਰਾਂ ਦੇ ਸ਼ਹਿਰ ਵਾਸਤੇ 70,000 ਏਕੜ ਆਪਣੀ ਉਪਜਾਊ ਜ਼ਮੀਨ ਤੋਂ ਵਾਂਜੇ ਹੋ ਜਾਣ। ਨਾਂ ਜੋਧਪੁਰ ਦੇ ਕੈਦੀਆਂ ਦਾ ਕੋਈ ਫੈਸਲਾ ਹੋਇਆ, ਨਾ ਫੌਜੀਆਂ ਬਾਰੇ ਕੋਈ ਫੈਸਲਾ ਹੋ ਸਕਿਆ। ਰਾਜਸੀ ਕਹਾਵਤ ਇਹ ਬਣ ਗਈ 'ਨਿਤ ਦਿਲੀ ਜਾਵੇ ਬਰਨਾਲਾ, ਪਰ ਰਵ੍ਹੇ ਉਥੇ ਹੀ ਪਰਨਾਲਾ'। ਬਰਨਾਲਾ ਦਾ ਦੋਸ਼ ਇਹ ਹੈ ਕਿ ਉਸਨੂੰ ਪਹਿਲੇ ਅਸਤੀਫਾ ਦੇਣਾ ਚਾਹੀਦਾ ਸੀ ਪਰ ਜਿਥੋਂ ਤਕ ਸਥਿਤੀ ਵਿਗਾੜਣ ਦੀ ਗੱਲ ਹੈ, ਉਹਦੀ ਪੂਰੀ ਦੀ ਪੂਰੀ ਜ਼ਿਮੇਂਵਾਰੀ ਕੇਂਦਰੀ ਸਰਕਾਰ ਦੀ ਹੀ ਰਹੀ ਹੈ।

ਜੇ ਸਵਾਲ ਕੀਤਾ ਜਾਏ ਕਿ ਕੀ ਗਵਰਨਰੀ ਰਾਜ ਵਿੱਚ ਅਤਿਵਾਦੀ ਕਾਰਵਾਈਆਂ ਬੰਦ ਹੋ ਜਾਣਗੀਆਂ ? ਤਾਂ ਇਹਦਾ ਜਵਾਬ ਹੈ ਉਹ ਕਾਰਵਾਈਆਂ ਜਿਹੜੀਆਂ ਕੇਂਦਰ ਦੀਆਂ ਏਜੈਂਸੀਆਂ ਆਪ ਕਰਵਾਂਦੀਆਂ ਸਨ, ਉਹ ਬੰਦ ਹੋ ਜਾਣਗੀਆਂ। ਦੂਜੀਆਂ ਨਹੀਂ। ਇਹ ਹੁਣ ਜਾਣਿਆ ਹੋਇਆ ਸੱਚ ਹੈ ਕਿ ਕੇਂਦਰ ਨੇ ਕਿਸੇ ਵੀ ਸੂਬੇ ਵਿਚ ਜਦੋਂ ਕੋਈ ਵੱਡੀ ਕਾਰਵਾਈ ਕਰਨੀ ਹੋਵੇ ਤਾਂ ਉਸ ਤੋਂ ਪਹਿਲਾਂ ਜ਼ਮੀਨ ਤਿਆਰ ਕਰਨ ਲਈ ਉਹ ਆਪਣੀਆਂ ਏਜੰਸੀਆਂ ਰਾਹੀਂ ਇਹੋ ਜਿਹੀਆਂ ਕਾਰਵਾਈਆਂ ਕਰਵਾਂਦੀ ਹੈ ਕਿ ਕੇਂਦਰ ਸਰਕਾਰ ਦੀ ਆਉਣ ਵਾਲੀ ਕਾਰਵਾਈ ਉਚਿਤ ਠਹਿਰਾਈ ਜਾ ਸਕੇ। ਇਸ ਸਿਲਸਿਲੇ ਵਿਚ 1959 ਦੀ ਕੈਰਲਾ ਸਰਕਾਰ ਦੀ ਬਰਤਰਫੀ ਦੀ ਮਿਸਾਲ ਕਿਸੇ ਕੋਲੋਂ ਭੁਲੀ ਨਹੀਂ ਹੋਈ।

ਇਕ ਹੋਰ ਸਵਾਲ ਇਹ ਵੀ ਉੱਠਦਾ ਹੈ ਕਿ ਸਾਧਾਰਨ ਲੋਕ ਕੀ ਕਰਨ ? ਇਕ ਜਵਾਬ ਹੈ ਸਾਧਾਰਨ ਲੋਕ ਭਲਾ ਇਹੋ ਜਿਹੀ ਸਾਜ਼ਸੀ ਅਤੇ ਬੇਸ਼ਰਮੀ ਵਾਲੀ ਸਿਆਸਤ ਵਿਚ ਕਰ ਵੀ ਕੀ ਸਕਦੇ ਨੇ ? ਚੁੱਪ ਦਰਸ਼ਕ ਬਣ ਕੇ ਹੀ ਸਭ ਕੁਝ ਦੇਖ ਸਕਦੇ ਨੇ। ਪਰ ਇਹ ਜਵਾਬਕਾਫ਼ੀ ਨਹੀਂ। ਉਹਨਾਂ ਨੂੰ ਅਸਲੀਅਤ ਸਮਝ ਕੇ ਆਪਣੇ ਵਿਰੁਧ ਹੋਏ ਜਾਂ ਹੋਰ ਹੋ ਖਿਲਵਾੜ ਵਿਚ ਦਖਲ ਅੰਦਾਜ਼ ਹੋਣ ਲਈ ਤਿਆਰੀ ਵਿਢਣੀ ਚਾਹੀਦੀ ਹੈ। ਆਪਣੀ ਕਿਸੇ ਵੀ ਲਿਖਤ ਜਾਂ ਕਥਨ ਵਿਚ ਉਸ ਹੋਛੀ ਸਿਆਸਤ ਨੂੰ ਸਮਰਥਨਾ ਨਹੀਂ ਦੇਣੀ ਚਾਹੀਦੀ, ਜਿਹੜੀ ਕੇਂਦਰੀ ਸਰਕਾਰ ਜਾਂ ਉਹ ਦਾ ਮੁਖੀ ਰਾਜੀਵ ਗਾਂਧੀ ਚਲਾ ਰਿਹਾ ਹੈ। ਬਰਨਾਲਾ ਸਰਕਾਰ ਦੇ ਗੁਨਾਹ ਵਡੇ ਹਨ ਪਰ ਰਾਜੀਵ ਸਰਕਾਰ ਦੇ ਗੁਨਾਹ ਉਸ ਤੋਂ ਕਈ ਗੁਣਾਂ ਵਡੇ ਹਨ। ਇਸ ਤੋਂ ਅਗੇ ਸਾਧਾਰਨ **ਸਿੱਖਾਂ ਨੂੰ ਅਕਾਲੀ ਸਿਆਸਤ ਤੋਂ ਵੀ ਨਿਜਾਤ ਪਾਉਣੀ ਚਾਹੀਦੀ ਹੈ।** ਬਾਦਲ, ਬਰਨਾਲਾ, ਬਲਵੰਤ ਸਿੰਘ, ਟੌਹੜਾ, ਅਮਰਿੰਦਰ ਆਦਿਕ ਸਭ ਹਾਰੇ ਹੋਏ ਸਿਆਸਤਦਾਨ ਹਨ। ਉਹ ਆਪਣੀ ਕਮਿਊਨਿਟੀ ਨੂੰ ਕਿਸੇ ਕਿਸਮ ਦੀ ਲੀਡਰਸ਼ਿਪ ਦੇਣ ਦੇ ਯੋਗ ਨਹੀਂ। ਸਾਧਾਰਨ ਸਿਖਾਂ ਨੂੰ ਬਾਬਾ ਜੁਗਿੰਦਰ ਸਿੰਘ ਮਾਰਕਾ ਸਿਆਸਤ ਤੋਂ ਵੀ ਛੁਟਕਾਰਾ ਪਾਉਣਾ ਚਾਹੀਦਾ ਹੈ। ਅੰਮ੍ਰਿਤ ਛਕਾਉਣਾ, ਗਾਤਰੇ ਪਵਾ ਕੇ ਸਿੰਘ ਸਜਾਨੇ ਇਕ ਚੰਗਾ ਧਾਰਮਕ ਅਮਲ ਹੋ ਸਕਦਾ ਹੈ ਪਰ ਇਹ ਅਮਲ ਰਾਜਸੀ ਪੱਧਰ ਤੇ ਕੋਈ ਵੀ ਪ੍ਰਾਪਤੀ ਨਹੀਂ ਕਰ ਸਕਦਾ। ਨੌਜਵਾਨਾਂ ਸਮੇਤ ਸੰਗਤਾਂ ਨੂੰ ਟਰੱਕਾਂ ਤੇ ਚੜ੍ਹਾ ਕੇ ਕਾਰ ਸੇਵਾ ਕਰਵਾਈ ਜਾਣਾ ਜਾਂ ਨਵੇਂ ਗੁਰਦੁਆਰੇ ਬਣਾਈ ਜਾਣਾ ਇਹਦੇ ਨਾਲ ਕੁਝ ਨਹੀਂ ਹਾਸਿਲ ਹੋਣਾ। ਰਾਜਸੀ ਤੌਰ ਤੇ ਬਿਲਕੁਲ ਬੈਕ ਗੀਅਰ ਲਗਾਉਣ ਵਾਲਾ ਅਮਲ ਸਾਬਤ ਹੋ ਰਿਹਾ ਹੈ। ਅਤਿਵਾਦੀ ਅਮਲਾਂ ਨੇ ਕੀ ਹਾਸਿਲ ਕੀਤਾ ਹੈ ? ਇਹ ਨੌਜਵਾਨ ਦੂਜਿਆਂ ਨੂੰ ਮਾਰ ਰਹੇ ਹਨ ਤੇ ਆਪ

ਵੀ ਵਡੀ ਗਿਣਤੀ ਵਿਚ ਮਰ ਰਹੇ ਹਨ। ਸਾਰੇ ਪਾਸੇ ਨੁਕਸਾਨ ਹੀ ਨੁਕਸਾਨ ਹੋ ਰਿਹਾ ਹੈ। ਜਿਸ ਦੁਸ਼ਮਣ ਨੂੰ ਮੁਕਾਉਣ ਦਾ ਉਹ ਦਾਅਵਾ ਕਰਦੇ ਹਨ, ਅਮਲ ਵਿਚ ਉਸੇ ਦੁਸ਼ਮਣ ਨੂੰ ਤਕੜਾ ਕਰਦੇ ਹਨ। ਪੰਜਾਬ ਵਿਚ ਅਤਿਵਾਦ ਨੂੰ ਦਬਾਉਣ ਦੇ ਬਹਾਨੇ ਕੇਂਦਰੀ ਸਰਕਾਰ ਨੇ ਬਗ਼ੈਰ ਕਿਸੇ ਵਿਰੋਧਤਾ ਦੇ ਆਪਣੇ ਆਪ ਨੂੰ ਏਨੇ ਤਾਨਾ ਸ਼ਾਹੀ ਕਾਨੂੰਨਾਂ ਨਾਲ ਲੈਸ ਕਰ ਲਿਆ ਹੈ ਕਿ ਉਹ ਭਾਰਤ ਦੀ ਹਰ ਜਮਹੂਰੀ ਲਹਿਰ ਦਾ ਘਾਣ ਕਰ ਸਕਦੇ ਹਨ। ਸਾਧਾਰਨ ਹਾਲਤਾਂ ਵਿਚ ਜਿਨ੍ਹਾਂ ਕਾਨੂੰਨਾਂ ਦਾ ਦੇਸ਼ ਵਿਆਪੀ ਵਿਰੋਧ ਹੋਣਾ ਚਾਹੀਦਾ ਸੀ, ਉਹ ਬਗ਼ੈਰ ਕਿਸੇ ਵਿਰੋਧਤਾ ਦੇ ਦੇਸ਼ ਦੇ ਸਵੀਧਾਨ ਦਾ ਹਿਸਾ ਬਣਦੇ ਜਾ ਰਹੇ ਹਨ। ਸਿਖ ਹਿਤਾਂ ਦੀ ਰਖਵਾਲੀ ਦਾ ਦਾਅਵਾ ਕਰਨ ਵਾਲੀ ਸਿਖ ਨੌਜਵਾਨਾਂ ਦੀ ਇਹ ਕਥਿਤ ਲਹਿਰ ਬਿਲਕੁਲ ਔਝੜੇ ਪੈ ਚੁੱਕੀ ਹੈ। ਸਮੁੱਚੇ ਦੇਸ਼ ਦੇ ਜਮਹੂਰੀ ਅਨਸਰ ਸਿਖਾਂ ਨੂੰ ਇਕ ਘੱਟ ਗਿਣਤੀ ਦੀ ਕਮਿਊਨਿਟੀ ਮੰਨਦੇ ਹੋਏ ਇਹਨਾ ਦੇ ਹੱਕਾਂ ਦੀ, ਵੱਖਰੀ ਪਹਿਚਾਣ ਦੀ ਸਮਰਥਾ ਕਰਨਾ ਚਾਹੁੰਦੇ ਹਨ ਪਰ ਜਦੋਂ ਉਹਨਾਂ ਵਲੋਂ ਜ਼ਬਰਦਸਤੀ, ਸਿਗਰਟ, ਬੀੜੀ ਬੰਦ ਕਰਨ ਦੇ ਅਮਲਾਂ ਬਾਰੇ, ਖੋਖੇ ਆਦਿਕ ਸਾੜਣ ਬਾਰੇ ਜਾਂ ਸਾਧਾਰਨ ਬੰਦਿਆਂ ਦੇ ਕਤਲਾਂ ਦੀਆਂ ਖਬਰਾਂ ਪੁਜਦੀਆਂ ਹੰਨ ਤਾਂ ਉਹ ਬੇਵੱਸ ਹੋ ਜਾਂਦੇ ਹਨ।

ਸਿੱਖ ਅਤਿਵਾਦ ਅਸਲ ਵਿਚ ਅਸਿਧੇ ਤੌਰ ਤੇ ਪੂਰੀ ਤਰ੍ਹਾਂ ਕੇਂਦਰ ਦੀ ਤਾਨਾਸ਼ਾਹੀ ਹਕੂਮਤ ਦੀ ਸੇਵਾ ਕਰ ਰਿਹਾ ਹੈ। ਇਸ ਦਾ ਸਬੂਤ ਹੈ ਕਿ ਜਦੋਂ ਤਾਨਾਸ਼ਾਹੀ ਗਵਰਨਰੀ ਰਾਜ ਪੰਜਾਬ ਤੇ ਲਾਗੂ ਕੀਤਾ ਗਿਆ ਹੈ ਤਾਂ ਇਸਦੇ ਖਿਲਾਫ ਕਿਸੇ ਪਾਸੇ ਤੋਂ ਵੀ ਆਵਾਜ਼ ਨਹੀਂ ਉੱਠੀ। ਉਹ ਪ੍ਰੈਸ ਜਿਹੜਾ ਕਥਿਤ ਤੌਰ ਤੇ ਰਾਜੀਵ ਸਰਕਾਰ ਦੇ ਵਿਰੁਧ ਵੀ ਜਾਣਿਆ ਜਾਂਦਾ ਹੈ, ਉਹਨੇ ਵੀ ਗਵਰਨਰੀ ਰਾਜ ਨੂੰ ਜੀ ਆਇਆਂ ਆਖਿਆ। ਪਾਰਲੀਮੈਂਟ ਵਿਚ ਜੋ ਵਿਰੋਧੀ ਪਾਰਟੀਆਂ ਨੇ ਵਾਕ ਆਊਟ ਕੀਤਾ ਹੈ ਤਾਂ ਇਸ ਕਰਕੇ ਨਹੀਂ ਕਿ ਪੰਜਾਬ ਵਿਚ ਗਵਰਨਰੀ ਰਾਜ ਕਿਉਂ ਲਗਾਇਆ ਹੈ, ਸਗੋਂ ਇਹ ਵਾਕ ਆਊਟ ਇਸ ਕਰਕੇ ਕੀਤਾ ਕਿ ਇਹ ਏਲਾਨ ਅੱਧੀ ਰਾਤ ਨੂੰ ਕਿਉਂ ਕੀਤਾ ਗਿਆ? ਸੈਸ਼ਨ ਵਿਚ ਬੈਠੀ ਪਾਰਲੀਮੈਂਟ ਵਿਚ ਕਿਉਂ ਨਹੀਂ ਕੀਤਾ ਗਿਆ? ਇਹ ਗੱਲਾਂ ਇਹ ਕਹਿ ਕੇ ਨਹੀਂ ਟਾਲੀਆਂ ਜਾ ਸਕਦੀਆਂ ਕਿ ਹਿੰਦੋਸਤਾਨ ਦਾ ਸਾਰਾ ਪ੍ਰੈਸ ਸਿਖਾਂ ਦੇ ਵਿਰੋਧ ਹੈ ਜਾਂ ਵਿਰੋਧੀ ਪਾਰਟੀਆਂ ਵੀ ਹਿੰਦੂ ਸ਼ਾਵਨਵਾਦ ਦਾ ਸ਼ਿਕਾਰ ਹਨ। ਇਹ ਸਚਾਈ ਹੈ ਕਿ ਸਿੱਖ ਅਤਿਵਾਦੀਆਂ ਦੀਆਂ ਕਾਰਵਾਈਆਂ ਹੀ ਐਸੀਆਂ ਹਨ (ਭਾਵੇਂ ਉਹ ਕਿਸੇ ਪ੍ਰਤੀ ਕਰਮ ਵਜੋਂ ਹੀ ਕੀਤੀਆਂ ਜਾਂਦੀਆਂ ਹਨ) ਕਿ ਕੋਈ ਵੀ ਸਹੀ ਸੋਚ ਵਾਲਾ ਬੰਦਾ ਉਹਨਾਂ ਦੀ ਹਿਮਾਇਤ ਨਹੀਂ ਕਰ ਸਕਦਾ।

ਪੰਜਾਬ ਦੇ ਸਿਆਣੇ ਲੋਕਾਂ ਦਾ ਫਰਜ਼ ਹੈ ਕਿ ਉਹ ਪੰਜਾਬ ਨੂੰ ਇਸ ਔਝੜ ਪਈ ਲਹਿਰ ਤੋਂ ਬਚਾਉਣ। ਇਸ ਮਸਲੇ ਦਾ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਨਾਲ ਇਕ ਜਮਹੂਰੀ ਹੱਲ ਲੱਭਿਆ ਜਾਏ ਤਾਂ ਜੋ ਇਹ ਕਤਲੋ ਗ਼ਾਰਤ ਦਾ ਵਾਤਾਵਰਨ ਖਤਮ ਹੋਵੇ ਤੇ ਗਵਰਨਰੀ ਰਾਜ ਦੀ ਸ਼ਕਲ ਵਿਚ ਪੁਲਸੀ ਰਾਜ ਦੀ ਜ਼ਹਿਮਤ ਲੰਮੇ ਸਮੇਂ ਲਈ ਨਾ ਉਠਾਨੀ ਪਵੇ। ਜਿਹੜੇ ਲੋਕ ਇਹ ਸਮਝਦੇ ਹਨ ਕਿ ਗਵਰਨਰੀ ਰਾਜ ਵਿਚ ਉਹਨਾਂ ਨੂੰ ਕੋਈ ਸੁੱਖ ਦਾ ਸਾਹ ਆਏਗਾ, ਉਹ ਬੜੀ ਹੀ ਗ਼ਲਤ ਫਹਿਮੀ ਵਿਚ ਹਨ। **ਗਵਰਨਰੀ ਰਾਜ ਇਕ ਤਾਨਾਸ਼ਾਹੀ ਪੁਲਸੀ ਰਾਜ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ।**

**ਗੁਰਸ਼ਰਨ ਸਿੰਘ**

---

## ਸਾਥੀ ਬਲਵੰਤ ਸਿੰਘ ਦੀ ਯਾਦ ਵਿਚ

ਲੱਲਾ ਅਫਗਾਨਾ ਦਾ ਇਹ ਬਹਾਦਰ ਸਾਥੀ ਜਿਹਦੀ ਉਮਰ 62 ਸਾਲ ਦੀ ਸੀ, ਸੀ. ਪੀ. ਆਈ. (ਐਮ. ਐਲ, ਪੂਲਾ ਰੈਡ ਗਰੁੱਪ) ਦਾ ਇਕ ਵਫ਼ਾਦਾਰ ਸਿਪਾਹੀ ਸੀ। ਕਿਰਤੀ ਕਿਸਾਨ ਯੂਨੀਅਨ ਦੇ ਝੰਡੇ ਥੱਲੇ ਇਹਨੇ ਇਲਾਕੇ ਦੇ ਕਿਸਾਨਾਂ ਨੂੰ ਉਹਨਾਂ ਦੀਆਂ ਮੰਗਾਂ ਦੇ ਦੁਆਲੇ ਜਥੇਬੰਦ ਕਰਨ ਵਿਚ ਪੂਰਾ ਹਿੱਸਾ ਪਾਇਆ। ਕੁਕੜਾਂ ਵਾਲੇ ਅੱਡੇ ਤੇ ਜਦੋਂ ਸ਼ਹੀਦ ਸਾਥੀ ਬਲਦੇਵ ਸਿੰਘ ਮਾਨ ਦੀ ਯਾਦ ਵਿਚ ਗੇਟ ਉਸਾਰਿਆ ਗਿਆ, ਉਹਦੀ ਉਸਾਰੀ ਵੇਲੇ ਇਸ ਸਾਥੀ ਨੇ ਦਿਨ ਰਾਤ ਇਕ ਕਰ ਦਿਤਾ। ਖਾਲਿਸਤਾਨੀ ਲਹਿਰ ਦਾ ਡੱਟਵਾਂ ਵਿਰੋਧ ਕਰਨ ਵਾਲਿਆਂ ਵਿਚੋਂ ਇਹ ਇਕ ਸਰਗਰਮ ਵਰਕਰ ਸੀ। ਖਾਲਿਸਤਾਨੀ ਇਹ ਟੋਲੇ ਪੂਰੀ ਤਰ੍ਹਾਂ ਫਾਸ਼ੀ ਮਾਨਸਕਤਾ ਦੇ ਮਾਲਕ ਹਨ। ਉਹਨਾਂ ਦੀ ਇਹ ਸੋਚ ਹੈ ਕਿ ਜਿਹੜੇ ਲੋਕ ਉਹਨਾਂ ਨਾਲ ਸਹਿਮਤ ਨਹੀਂ, ਉਹਨਾਂ ਨੂੰ ਪੰਜਾਬ ਵਿਚ ਜੀਣ ਦਾ ਹੱਕ ਨਹੀਂ। ਸਾਥੀ ਬਲਵੰਤ ਸਿੰਘ ਇਸੇ ਜੀਣ ਦੇ ਹੱਕ ਦੀ ਰਖਵਾਲੀ ਕਰਦਾ, ਉਹਨਾਂ ਦੇ ਹਥੋਂ ਸ਼ਹੀਦ ਹੋਇਆ। ਆਪਣੇ ਵਿਛੜ ਗਏ ਸਾਥੀ ਨੂੰ ਸੂਹੀ ਸ਼ਰਧਾਂਜਲੀ ਦੇ ਦੇ ਹੋਏ, ਉਹਦੇ ਕੰਮ ਨੂੰ ਜਾਰੀ ਦਾ ਪ੍ਰਣ ਕਰਦੇ ਹਾਂ।/ਅਦਾਰਾ ਸਮਤਾ

---

## ਸੰਪਾਦਕੀ ਟਿਪਣੀਆਂ : ਖ਼ਬਰਾਂ ਦੇ ਪ੍ਰਤੀਕਰਮ ਵਿਚ

### ੦ ਅਕਾਲੀ ਜਾਂ ਸਿੱਖ ਸਿਆਸਤ

1947 ਤੋਂ ਬਾਅਦ ਦੀ ਪੰਜਾਬ ਦੀ ਸਿਆਸਤ ਤੇ ਜਦੋਂ ਨਜ਼ਰ ਮਾਰੀਏ ਤਾਂ ਇਹਨਾਂ 40 ਸਾਲਾਂ ਵਿਚ ਅਕਾਲੀ ਸਿਆਸਤ ਨੇ ਕੇਂਦਰ ਕੋਲੋਂ ਹਮੇਸ਼ਾਂ ਮਾਰ ਵੀ ਖਾਧੀ ਹੈ ਤੇ ਹਾਰ ਵੀ ਖਾਧੀ ਹੈ। ਪਰ ਕਦੀ ਵੀ ਇਸ ਹਾਰ ਜਾਂ ਮਾਰ ਦਾ ਸਹੀ ਵਿਸ਼ਲੇਸ਼ਣ ਨਹੀਂ ਕੀਤਾ। ਸਗੋਂ ਜ਼ਿੱਦ ਵਿਚ ਆ ਕੇ ਆਪਣੀਆਂ ਗ਼ਲਤ ਨੀਤੀਆਂ ਨੂੰ ਜਾਰੀ ਰੱਖਿਆ ਹੈ ਨਤੀਜੇ ਵਜੋਂ ਪੰਜਾਬ ਦੇ ਸਾਧਾਰਨ ਲੋਕਾਂ ਅਤੇ ਖਾਸ ਕਰਕੇ ਸਿੱਖਾਂ ਨੂੰ ਮੁਸੀਬਤ ਵਿਚ ਪਾਈ ਰੱਖਿਆ ਹੈ। ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਸ੍ਰ. ਹੁਕਮ ਸਿੰਘ, ਸੰਤ ਫਤਹਿ ਸਿੰਘ, ਸ੍ਰ. ਗੁਰਨਾਮ ਸਿੰਘ ਸ੍ਰ. ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਤੇ ਹੁਣ ਸੁਰਜੀਤ ਸਿੰਘ ਬਰਨਾਲਾ ਆਦਿਕ ਕਈ ਲੀਡਰ ਅਤੇ ਮੁਖ ਮੰਤਰੀ ਆਏ, ਪੰਜਾਬੀ ਸੂਬੇ ਤੋਂ ਲੈ ਕੇ ਖਾਲਿਸਤਾਨ ਤਕ ਦੇ ਮੋਰਚੇ ਲਗੇ, ਮਰਨ ਵਰਤ ਰਖੇ, ਅਗਨ ਭੇਟ ਹੋਣ ਦੀਆਂ ਕਾਰਵਾਈਆਂ ਕੀਤੀਆਂ ਗਈਆਂ, ਵਰਤ ਰਖਕੇ ਸ਼ਹਾਦਤਾਂ ਵੀ ਪਾਈਆਂ, ਪਰ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ, ਪੰਜਾਬ ਦਾ ਅਸਾਵਾਂ ਵਿਕਾਸ, ਚੰਡੀਗੜ੍ਹ ਆਦਿਕ ਸਾਰੇ ਦੇ ਸਾਰੇ ਮਸਲੇ ਉਸੇ ਤਰ੍ਹਾਂ ਖੜ੍ਹੇ ਹਨ। ਹੁਣ ਜਦੋਂ ਇਹ ਲਾਈਨਾਂ ਲਿਖੀਆਂ ਜਾ ਰਹੀਆਂ ਹਨ ਤਾਂ ਹਜ਼ਾਰਾਂ ਲੋਕ ਆਗੂਆਂ ਸਮੇਤ ਜੇਲ੍ਹਾਂ ਵਿਚ ਬੰਦ ਹਨ। ਇਹ ਪੰਜਾਬ ਦੀ ਸਮੁੱਚੀ ਜ਼ਿੰਦਗੀ ਲਈ ਇਕ ਬੜਾ ਹੀ ਹਾਨੀਕਾਰਕ ਅਮਲ ਹੈ। ਜਿਨ੍ਹਾਂ ਮਾਪਿਆਂ ਦੇ ਬਚੇ ਜੇਲ੍ਹਾਂ ਵਿਚ ਹਨ ਜਾਂ ਅੱਤਿਵਾਦ ਦੇ ਰਾਹ ਤੇ ਚਲ ਪਏ ਹਨ ਤੇ ਮੌਤ ਦੀ ਤਲਵਾਰ ਜਿਨ੍ਹਾਂ ਦੇ ਸਿਰ ਲੱਟਕ ਰਹੀ ਹੈ, ਉਹਨਾਂ ਮਾਪਿਆਂ ਦਾ ਦੁੱਖ ਹਰ ਕੋਈ ਸਮਝ ਸਕਦਾ ਹੈ। ਇਸੇ ਤਰ੍ਹਾਂ ਅਤਿਵਾਦ ਦੇ ਰਾਹ ਤੇ ਚਲਣ ਵਾਲਿਆਂ ਨੇ ਜਿਹੜੀ ਦੂਜਿਆਂ ਦੇ ਸਿਰਾਂ ਤੇ ਤਲਵਾਰ ਲਟਕਾਈ ਹੋਈ ਹੈ, ਉਹ ਵੀ ਆਪਣੇ ਆਪ ਵਿਚ ਕੋਈ ਘੱਟ ਦੁਖਦ ਇਕ ਅਮਲ ਨਹੀਂ। ਪੰਜਾਬ ਦੀ ਆਬਾਦੀ ਦਾ ਜੇ 52 ਫੀਸਦੀ ਹਿੱਸਾ ਸਿੱਖਾਂ ਦਾ ਹੈ ਤਾਂ 48 ਫੀ ਸਦੀ ਗ਼ੈਰ ਸਿੱਖਾਂ ਦਾ ਹੈ। ਪੰਜਾਬ ਵਿਚ ਉਹੀ ਸਿਆਸਤ ਸਫਲ ਹੋ ਸਕਦੀ ਹੈ ਜੋ ਸਾਰੇ ਲੋਕਾਂ ਦੀ ਸਾਂਝੀ ਹੋਵੇ। ਇਕ ਧਰਮ ਅਧਾਰਤ ਸਿਆਸਤ ਕਦੀ ਵੀ ਸਫਲ ਨਹੀਂ ਹੋ ਸਕਦੀ ਭਾਵੇਂ ਉਹ ਅਕਾਲੀਆਂ ਦੀ ਹੋਵੇ ਜਾਂ ਜਨ ਸੰਘੀਆਂ ਦੀ ਹੋਵੇ ਜਾਂ ਕਾਂਗਰਸ ਦੀ ਸ਼ਕਲ ਵਿਚ ਵੀ ਫਿਰਕੂਆਂ ਦੀ ਹੋਵੇ। ਜਿੰਨੀ ਜਲਦੀ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਇਸਦਾ ਅਹਿਸਾਸ ਹੋ ਜਾਏਗਾ, ਉਨੀ ਜਲਦੀ ਹੀ ਪੰਜਾਬ ਦੇ ਲੋਕ ਇਸ ਸੰਤਾਪ ਦੀ ਜ਼ਿੰਦਗੀ ਤੋਂ ਛੁਟਕਾਰਾ ਪਾ ਸਕਣਗੇ। ਹੁਣ ਦਾ ਗਵਰਨਰੀ ਅਥਵਾ ਪੁਲਸੀ ਰਾਜ ਬੜਾ ਸੰਤਾਪ ਵਾਲਾ ਸਾਬਤ ਹੋਵੇਗਾ। ਰੇਅ ਜਾਂ ਰਬੇਰੋ ਜਿਨੇ ਮਰਜ਼ੀ ਵਿਸ਼ਵਾਸ਼ ਦਿਵਾਂਦੇ ਰਹਿਣ, ਦੇਸ਼ ਦੀ ਪੁਲਸ ਦੇਸ਼ ਦੇ ਕਿਸੇ ਵੀ ਸ਼ਹਿਰੀ ਕੋਲੋਂ ਭੁਲੀ ਨਹੀਂ ਹੋਈ। ਇਹ ਮੁਸੀਬਤ ਬਹੁਤ ਹੱਦ ਤੱਕ ਅਕਾਲੀ ਸਿਆਸਤ ਦੀ ਦੇਣ ਹੈ।

### ੦ ਧਰਮ ਅਧਾਰਤ (ਫ਼ਿਰਕੂ) ਸਿਆਸਤ ਬਨਾਮ ਧਰਮ (ਅਸੂਲ) ਦੀ ਸਿਆਸਤ

ਸਿੱਖ ਧਰਮ ਦੇ ਲੋਕਾਂ ਵਿਚ ਇਹ ਆਮ ਚਰਚਾ ਹੈ ਕਿ ਸਿੱਖਾਂ ਦਾ ਧਰਮ ਤੇ ਸਿਆਸਤ ਕਦੀ ਵੱਖ ਨਹੀਂ ਹੋ ਸਕਦੇ। ਇਹਦੇ ਬਾਰੇ ਗੁਰੂ ਸਾਹਿਬਾਂ ਦੀਆਂ ਲਿਖਤਾਂ ਵਿਚੋਂ ਹਵਾਲੇ ਵੀ ਦਿੱਤੇ ਜਾਂਦੇ ਹਨ। ਪਰ ਵੇਲਾ ਆ ਗਿਆ ਹੈ ਕਿ ਅਸੀਂ ਧਰਮ ਅਧਾਰਤ (ਫ਼ਿਰਕੂ) ਅਤੇ ਧਰਮ (ਅਸੂਲ) ਦੀ ਸਿਆਸਤ ਵਿਚ ਫਰਕ ਵੇਖ ਸਕੀਏ। ਇਹ ਸਾਫ ਹੈ ਕਿ ਸਿਖ ਸਿਧਾਂਤ ਵਿਚ ਜਦੋਂ ਸਿਆਸਤ ਦੇ ਪ੍ਰਸੰਗ ਵਿਚ ਧਰਮ ਦੀ ਗੱਲ ਹੁੰਦੀ ਹੈ ਤਾਂ ਉਹ ਅਸੂਲ ਵਾਲੇ ਧਰਮ ਦੀ ਹੀ ਗੱਲ ਹੁੰਦੀ ਹੈ। ਇਸੇ ਧਰਮ ਦੀ (ਅਸੂਲ ਦੀ) ਰਖਿਆ ਲਈ ਸਾਡੇ ਬਜ਼ੁਰਗਾਂ ਨੇ ਬੰਦ ਬੰਦ ਕਟਵਾਏ। ਪਰ ਜੋ ਸਿਆਸਤ ਅਜ ਧਰਮ ਦੇ ਨਾਂ ਚਲਾਈ ਜਾਂਦੀ ਹੈ, ਉਹ ਸਿਰਫ ਧਰਮ ਅਧਾਰਤ (ਫ਼ਿਰਕੂ) ਸਿਆਸਤ ਹੀ ਹੈ। ਹੁਣੇ ਹੁਣੇ ਬਰਖਾਸਤ ਹੋਈ ਬਰਨਾਲਾ ਸਰਕਾਰ ਕੋਈ ਧਰਮ ਦੀ ਸਰਕਾਰ ਨਹੀਂ ਸੀ। ਬਿਲਕੁਲ ਭ੍ਰਿਸ਼ਟ ਅਤੇ ਬੇਅਸੂਲੀ ਸਰਕਾਰ ਸੀ, ਪਰ ਉਹ ਹੋਂਦ ਵਿਚ ਧਰਮ ਦੇ ਨਾਂ ਤੇ ਹੀ ਆਈ ਸੀ। ਧਰਮ ਦੇ ਨਾਂ ਤੇ ਹੀ ਅਕਾਲੀ ਦਲ ਦੇ ਮੈਂਬਰਾਂ ਨੇ ਵੋਟਾਂ ਲਈਆਂ ਸਨ। ਦਾਅਵੇ ਇਹ ਸਰਕਾਰ ਵਾਲੇ ਹਮੇਸ਼ਾਂ ਧਰਮੀ ਸਰਕਾਰ ਦੇ ਹੋਣਦੇ ਕਰਦੇ ਸਨ ਪਰ ਭ੍ਰਿਸ਼ਟਾਚਾਰੀ ਦਾ ਹਰ ਇਕ ਰੀਕਾਰਡ ਮਾਤ ਕਰਨਾ ਇਹਨਾਂ ਦਾ ਅਮਲ ਸੀ। ਸਾਧਾਰਨ ਸਿੱਖ ਜਿੰਨੀ ਜਲਦੀ ਧਰਮ ਅਧਾਰਤ (ਫ਼ਿਰਕੂ) ਅਤੇ ਧਰਮ (ਅਸੂਲ) ਦੀ ਸਿਆਸਤ ਦੇ ਫਰਕ ਸਮਝ ਲੈਣਗੇ, ਉਨੀ ਜਲਦੀ ਇਕ ਪੱਛੜੀ ਸਿਆਸਤ ਤੋਂ ਛੁਟਕਾਰਾ ਪਾ ਸਕਣਗੇ।

**੦ ਇਕ ਹੋਰ ਕਾਲੀ ਸ਼ਕਤੀ ਹੋਂਦ ਵਿਚ ਆ ਗਈ ਹੈ :** ਪਤਾ ਲੇਗਾ ਹੈ ਕਿ ਪੰਜਾਬ ਪੁਲਸ ਦੀ ਅਗਵਾਈ ਵਿਚ ਇਕ ਖੁਫੀਆ ਏਜੰਸੀ ਜਥੇਬੰਦ ਕੀਤੀ ਗਈ ਹੈ। ਉਪਰੋਂ ਉਪਰੋਂ ਇਹ ਪ੍ਰਚਾਰ ਕੀਤਾ ਗਿਆ ਹੈ ਕਿ ਇਹ ਜਥੇਬੰਦੀ ਉਹਨਾਂ ਲੋਕਾਂ ਨੇ ਬਣਾਈ ਹੈ, ਜਿਨ੍ਹਾਂ ਦੇ ਨੇੜੇ ਦੇ ਰਿਸ਼ਤੇਦਾਰ ਅਤਿਵਾਦੀਆਂ ਦੇ ਹਥੋਂ ਮਾਰੇ ਗਏ ਹਨ ਤੇ ਉਹਨਾਂ ਨੇ ਇਹ ਜਥੇਬੰਦੀ ਅਤਿ-ਵਾਦੀਆਂ ਕੋਲੋਂ ਬਦੋਲਾ ਲੈਣ ਲਈ ਬਣਾਈ ਹੈ। ਇਸ ਜਥੇਬੰਦੀ ਦੇ ਨਾਂ ਨਾਲ 'ਕ੍ਰਾਂਤੀਕਾਰੀ' ਦਾ ਸ਼ਬਦ ਵੀ

ਜੋੜਿਆ ਗਿਆ ਹੈ। ਪੰਜਾਬ ਪੁਲਸ ਨੇ ਇਹ ਜਥੇਬੰਦੀ ਇਕ-ਵਿਉਂਤ ਅਧੀਨ ਹੀ ਬਣਾਈ ਹੈ। ਹੁਣ ਪੁਲਸ ਹਥੋਂ ਮਾਰੇ ਗਏ ਵਿਅਕਤੀ ਦੀ ਖਬਰ ਪੁਲਸ ਮੁਕਾਬਲੇ ਦੇ ਰੂਪ ਵਿਚ ਨਹੀਂ ਆਏਗੀ ਸਗੋਂ ਇਸ ਰੂਪ ਵਿਚ ਆਏਗੀ ਕਿ ਕ੍ਰਾਂਤੀਕਾਰੀ ਵਲੰਟੀਅਰ ਫੋਰਸ ਨੇ ਇਹ ਕਾਰਵਾਈ ਬਦਲਾ ਲੈਣ ਦੇ ਮੰਤਵ ਨਾਲ ਕੀਤੀ ਹੈ। ਇਸ ਤਰ੍ਹਾਂ ਪੁਲਸ ਕਰਮਚਾਰੀ ਕਿਸੇ ਹਿੱਟ ਲਿਸਟ ਵਿਚ ਆਉਣ ਤੋਂ ਬਚੇ ਰਹਿਣਗੇ। ਜਮਹੂਰੀ ਹਲਕਿਆਂ ਵਿਚ ਇਸ ਏਜੰਸੀ ਬਾਰੇ ਜ਼ਰੂਰ ਫਿਕਰ ਹੋਣਾ ਚਾਹੀਦਾ ਹੈ।

○ **ਸੁਸ਼ੀਲ ਮੁਨੀ ਜੀ ਦਾ ਮਿਸ਼ਨ :** ਸੁਸ਼ੀਲ ਮੁਨੀ ਜੀ ਸਰਕਾਰੀ ਹਵਾਈ ਜਹਾਜ਼ ਤੇ ਅੰਮ੍ਰਿਤਸਰ ਆਏ ਹਨ। ਉਹਨਾਂ ਨੂੰ ਕਿਸ 'ਭੜੂਏ' ਨੇ ਭੇਜਿਆ ਹੈ ਕੋਈ ਸਾਫ਼ ਨਹੀਂ। ਤਿੰਨ ਚਾਰ ਦਿਨ ਉਹਨਾਂ ਨੇ ਪੰਜਾਬ ਦੀਆਂ ਅਖਬਾਰਾਂ ਦਾ ਕਾਫੀ ਥਾਂ ਮਲੀ ਰਖਿਆ ਹੈ। ਬੜੇ ਨਾਟਕੀ ਢੰਗ ਨਾਲ ਦਰਬਾਰ ਸਾਹਿਬ ਦੇ ਆਲੇ ਦੁਆਲੇ ਤੋਂ ਸੀ. ਆਰ. ਪੀ ਦੇ ਨਾਕੇ ਹਟਾਏ ਗਏ ਤੇ ਫੇਰ ਬਿਠਾਏ ਗਏ। ਗੱਲਬਾਤ ਵੀ ਬੜੀ ਸਾਜ਼ਸ਼ੀ ਢੰਗ ਨਾਲ ਹੋਈ। ਸੁਨੀਲ ਦੱਤ ਵਾਂਗ ਖੁਲ੍ਹੇ ਆਮ ਨਹੀਂ ਹੋਈ। ਬੂਟਾ ਸਿੰਘ ਨੇ ਬਿਆਨ ਦਿੱਤਾ ਹੈ ਕਿ ਉਹ ਭਾਰਤ ਸਰਕਾਰ ਦੇ ਨੁਮਾਂਇਦੇ ਨਹੀਂ ਹਨ, ਪੁਛਿਆ ਗਿਆ ਫਿਰ ਕਿਦੇ ਨੁਮਾਇੰਦੇ ਨੇ? ਜਵਾਬ ਸਾਫਨਹੀਂ। ਸਰਕਾਰ ਵਲੋਂ ਪਾਰ-ਲੀਮੈਂਟ ਵਿਚ ਜਾਂ ਬਾਹਰ ਕੋਈ ਝੂਠ ਬੁਲਵਾਨਾ ਹੋਵੇ ਤਾਂ ਇਹ ਡਿਊਟੀ ਸ੍ਰ. ਬੂਟਾ ਸਿੰਘ ਦੀ ਲਾਈ ਜਾਂਦੀ ਹੈ। ਆਖਰ ਇਹਨਾਂ ਲੋਕਾਂ ਦਾ ਪੰਜਾਬ ਦੀ ਤਕਦੀਰ ਨਾਲ ਖੇਡਨ ਦਾ ਕੀ ਹੱਕ ਹੈ? ਇਕ ਪਾਸੇ ਕਿਹਾ ਜਾਂਦਾ ਹੈ ਕਿ ਭਾਰਤ ਇਕ ਸੈਕੂਲਰ ਸਟੇਟ ਹੈ। ਫੇਰ ਸੈਕੂਲਰ ਸਟੇਟ ਦੇ ਮਸਲੇ ਧਾਰਮਕ ਬੰਦੇ ਕਿਸ ਤਰ੍ਹਾਂ ਹਲ ਕਰ ਸਕਦੇ ਹਨ? ਬਰਨਾਲਾ ਸਰਕਾਰ ਨੂੰ ਫਿਕਰ ਪੈ ਗਿਆ ਹੈ। ਰਾਗੀ ਦਰਸ਼ਨ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ, ਇਹ ਕੇਸ ਰਾਗੀ ਦੀ ਕਿਸੇ ਉਸ ਤਕਰੀਰ ਬਾਰੇ ਹੈ ਜੋ ਉਹਨੇ ਫਰਵਰੀ ਦੇ ਮਹੀਨੇ ਖਾਲਸਾ ਕਾਲਜ ਵਿਚ ਦਿੱਤੀ ਸੀ। ਏਨੀ ਦੇਰ ਸਰਕਾਰ ਸੁੱਤੀ ਕਿਉਂ ਰਹੀ? ਕੋਈ ਜਵਾਬ ਨਹੀ। ਸਭ ਕੁਝ ਏਨੀ ਬੇਸ਼ਰਮੀ ਨਾਲ ਕੀਤਾ ਜਾਂਦਾ ਹੈ ਕਿ ਲੋਕਾਂ ਨੂੰ ਵੀ ਸ਼ਰਮ ਆਉਣੀ ਸ਼ੁਰੂ ਹੋ ਗਈ ਹੈ ਕਿ ਕੀ ਇਹੀ ਲੋਕ ਉਹਨਾਂ ਦੇ ਚੁਣੇ ਹੋਏ ਨੁਮਾਇਦੇ ਹਨ? ਪਰ ਕੀ ਇਹਨਾਂ ਨੂੰ ਵੀ ਸ਼ਰਮ ਹੈ। ਫਿਲਹਾਲ ਇਹੀ ਖਬਰ ਹੈ ਕਿ ਸੁਸ਼ੀਲ ਮੁਨੀ ਜੀ ਵਾਪਸ ਚਲੇ ਗਏ ਹਨ।

○ **ਸੀ. ਪੀ. ਆਈ ਤੇ ਸੀ. ਪੀ. ਐਮ ਲਈ ਬੜੇ ਸੋਚਣ ਵਾਲਾ ਮਸਲਾ ਹੈ :** ਇਸ ਵੇਲੇ ਕੇਂਦਰੀ ਸਰਕਾਰ ਅਤੇ ਉਹਦੇ ਲੀਡਰਾਂ ਉਤੇ ਭ੍ਰਿਸ਼ਟਾਚਾਰ ਦੇ ਮੁਆਮਲੇ ਕਰਕੇ ਬੜਾ ਡੂੰਘਾ ਸੰਕਟ ਆਇਆ ਹੋਇਆ ਹੈ। ਰਾਜੀਵ ਗਾਂਧੀ ਦੀ ਇਜ਼ਤ ਸਿਫਰ ਹੋਈ ਪਈ ਹੈ। ਸਰਕਾਰ ਦੇ ਇਹਨਾਂ ਮੋਹਰੀਆਂ ਨੇ ਆਪਣੇ ਬਚਾਅ ਲਈ ਇਕ ਰਾਹ ਢੂੰਡ ਲਿਆ ਹੈ ਕਿ ਆਪਣੀ ਹਰ ਨਾਲਾਇਕੀ ਅਤੇ ਨੰਗੀ ਚਿੱਟੀ ਬੇਈਮਾਨੀ ਉਤੇ ਬਦੇਸ਼ੀਆਂ ਦੀ ਸਾਜ਼ਸ਼ ਦਾ ਵਾਵੇਲਾ ਪਾ ਕੇ ਪਰਦਾ ਪਾ ਲਵੋ। ਹਾਲ ਪਾਹਰਿਆ ਪਾ ਦਿਉ ਕਿ ਕੁਝ ਬਦੇਸ਼ੀ ਤਾਕਤਾਂ ਭਾਰਤ ਵਿਚ ਅਸਥਿਰਤਾ ਲਿਆਉਣਾ ਚਾਹੁੰਦੀਆਂ ਹਨ। ਇਹ ਰਾਜੀਵ ਗਾਂਧੀ ਤਾਂ ਬੁਖਲਾਹਟ ਵਿਚ ਇਥੋਂ ਤਕ ਆ ਗਿਆ ਹੈ ਕਿ ਉਹਨੇ ਅਸਿੱਧੇ ਤਰੀਕੇ ਨਾਲ ਆਪਣੇ ਹੀ ਰਹਿ ਚੁਕੇ ਵਜ਼ੀਰ ਵੀ.ਪੀ. ਸਿੰਘ ਨੂੰ ਅਤੇ ਗਿਆਨੀ ਜ਼ੈਲ ਨੂੰ ਬਦੇ-ਸ਼ੀਆਂ ਦਾ ਏਜੰਟ ਕਰਾਰ ਦੇ ਦਿਤਾ ਹੈ। ਇਹਨਾਂ ਨੂੰ ਮੀਰ ਜਾਫਰ ਤੇ ਜੈ ਚੰਦ ਵੀ ਕਹਿਣਾ ਸ਼ੁਰੂ ਕਰ ਦਿਤਾ ਹੈ। ਅਫਸੋਸ ਹੈ ਕਿ ਸੀ.ਪੀ.ਆਈ. ਅਤੇ ਸੀ.ਪੀ. ਐਮ ਵਾਲੇ ਵੀ ਇਸੇ ਥਿਊਰੀ ਦੇ ਅਸਰ ਥਲੇ ਆ ਗਏ ਹਨ। ਇਸ ਵਿਚ ਸ਼ਕ ਨਹੀਂ ਕਿ ਵੱਡੀਆਂ ਤਾਕਤਾਂ ਦੀ ਸਿਆਸਤ ਹਰ ਦੇਸ਼ ਉਤੇ ਖਾਸ ਕਰਕੇ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਸਿਆਸਤ ਉਤੇ ਅਸਰਅੰਦਾਜ਼ ਹੈ। ਜਿਥੇ ਇਹ ਜ਼ਰੂਰੀ ਹੈ ਕਿ ਵਾਪਰ ਰਹੀ ਹਰ ਘਟਨਾ ਦਾ ਡੂੰਘੀ ਤਰਾਂ ਵਿਸ਼-ਲੇਸ਼ਣ ਕੀਤਾ ਜਾਏ, ਉਥੇ ਇਹ ਜ਼ਰੂਰੀ ਨਹੀਂ ਕਿ ਆਪਣੇ ਨੱਕ ਥੱਲੇ ਜੋ ਭ੍ਰਿਸ਼ਟਾਚਾਰ ਹੋ ਰਿਹਾ ਹੋਵੇ ਜਾਂ ਲੋਕ-ਦੁਸ਼ਮਣ ਨੀਤੀਆਂ ਅਪਣਾਈਆਂ ਜਾ ਰਹੀਆਂ ਹੋਣ, ਉਹਨਾਂ ਤੋਂ ਅੱਖਾਂ ਬੰਦ ਕਰ ਲਈਆਂ ਜਾਣ। ਇਹੀ ਰਜੀਵ ਗਾਂਧੀ ਜੋ ਬੰਗਾਲ ਦੀਆਂ ਚੋਣਾਂ ਵੇਲੇ ਦੋ ਮਹੀਨੇ ਪਹਿਲਾਂ ਕਮਿਉਨਿਸਟਾਂ ਨੂੰ ਹਰ ਕਿਸਮ ਦੀ ਗਾਲ੍ਹ ਕੱਢਣ ਤੋਂ ਨਹੀਂ ਝਿਜਕਿਆ ਸੀ। ਜਿਸਨੇ ਜੋਤੀ ਬਾਸੂ ਵਰਗੇ ਸਤਿਕਾਰੇ ਜਾਂਦੇ ਆਗੂਆਂ ਬਾਰੇ 'ਬੁੱਢੇ ਨਿਪੁੰ-ਸਕ' ਵਰਗੇ ਸ਼ਬਦ ਵਰਤਣੋਂ ਸੰਕੋਚ ਨਹੀਂ ਸੀ ਕੀਤਾ, ਹੁਣ ਸੰਕਟ ਵਿਚ ਕਮਿਉਨਿਸਟਾਂ ਨੂੰ ਹੀ ਆਪਣਾ ਸੱਚਾ ਸਾਥੀ ਸਮਝਣ ਲਗ ਪਿਆ ਹੈ, ਉਹਨਾਂ ਨੂੰ ਮਹਾਨ ਦੇਸ਼ ਭਗਤ ਹੋਣ ਦਾ ਸਰਟੀਫਿਕੇਟ ਦੇ ਰਿਹਾ ਹੈ। ਇਹਨਾਂ ਸਥਾਪਤ ਕਮਿਉਨਿਸਟ ਪਾਰਟੀਆਂ ਨੂੰ ਇਹਦੇ ਤੋਂ ਜ਼ਰੂਰ ਖਬਰਦਾਰ ਰਹਿਣਾ ਚਾਹੀਦਾ ਹੈ, ਇਹ ਨਾ ਹੋਵੇ ਕਿ ਇਹਨਾਂ ਪਾਰਟੀਆਂ ਦੀਆਂ ਜਿਹੜੀਆਂ ਕੌਮਾਂ-ਤਰੀ ਰਾਜਨੀਤੀ ਵਿਚ ਮਜਬੂਰੀਆਂ ਹਨ, ਉਹਨਾਂ ਦਾ ਫਾਇਦਾ ਇਹ ਖੂਨ ਚੂਸ ਰਹੀਆਂ ਜੋਕਾਂ ਰਾਸ਼ਟਰੀ ਪੱਧਰ ਤੇ ਉਠਾ ਜਾਣ। ਇਹ ਮਸਲਾ ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ ਸੋਚਣ ਵਾਲਾ ਹੈ।

○ **ਰਾਜਸੀ ਚਾਲਾਂ :** ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਜਦੋਂ ਨਸ਼ਿਆਂ ਦੇ ਵਿਰੁਧ ਮੁਹਿੰਮ ਚਲਾਈ ਜਾ

ਰਹੀ ਸੀ, ਆਮ ਲੋਕਾਂ ਵਿਚ ਦਹਿਸ਼ਤ ਪਾਈ ਜਾ ਰਹੀ ਸੀ ਅਤੇ ਫੈਡਰੇਸ਼ਨ ਦੇ ਵਰਕਰ ਭੂੰਡੇ ਫਿਰ ਰਹੇ ਸਨ ਤਾਂ ਰਾਜਸੀ ਸੂਝ ਵਾਲੇ ਲੋਕਾਂ ਨੇ ਇਹ ਨੋਟ ਕੀਤਾ ਸੀ ਕਿ ਕੇਂਦਰੀ ਸਰਕਾਰ ਦੇ ਏਜੰਟ ਜਿਹੜੇ ਇਸ ਸੰਸਥਾ ਵਿਚ ਕੰਮ ਕਰ ਰਹੇ ਹਨ, ਇਹ ਉਹਨਾਂ ਦੀ ਗਿਣੀ ਮਿਥੀ ਚਾਲ ਹੈ। ਇਸ ਦੇ ਦੋ ਮੰਤਵ ਨੋਟ ਕੀਤੇ ਗਏ ਸਨ : ਇਕ ਮੰਤਵ ਸੀ ਕਿ ਬਰਨਾਲਾ ਸਰਕਾਰ ਦੀ ਸਾਖ ਡੇਗੀ ਜਾਏ ਤੇ ਦੂਜਾ ਮੰਤਵ ਸੀ ਕਿ ਉਹਨਾਂ ਅਨਸਰਾਂ ਦੀ ਨਿਸ਼ਾਨਦੇਹੀ ਕੀਤੀ ਜਾਏ ਜੋ ਖਾਲਿਸਤਾਨ ਦੇ ਸਮਰਥਕ ਹਨ। ਆਉਣ ਵਾਲੇ ਸਮੇਂ ਨੇ ਉਹਨਾਂ ਪਹਿਲੋਂ ਲਗਾਏ ਗਏ ਅਨੁਮਾਨਾਂ ਨੂੰ ਸਹੀ ਠਹਿਰਾਇਆ ਹੈ। ਗਵਰਨਰੀ ਰਾਜ ਦੀ ਸਾਖ ਬਨਾਉਣ ਲਈ ਨਿਸ਼ਾਨ ਦੇਹੀ ਕੀਤੇ ਨੌਜਵਾਨਾਂ ਨੂੰ ਵਡੀ ਗਿਣਤੀ ਵਿਚ ਹਿਰਾਸਤ ਵਿਚ ਲਿਆ ਗਿਆ ਹੈ। ਫੈਡਰੇਸ਼ਨ ਵਾਲੇ ਆਪਣੀ ਬੇਸਮਝੀ ਦੇ ਜਾਲ ਵਿਚ ਫਸੇ ਹਨ। ਖੈਰ ਇਸ ਬਾਰੇ ਸੋਚ ਉਹਨਾਂ ਦੇ ਆਗੂਆਂ ਅਤੇ ਆਮ ਕੈਡਰ ਨੇ ਕਰਨੀ ਹੈ ਕਿ ਉਹ ਕੇਂਦਰ ਦੇ ਜਾਲ ਵਿਚ ਕਿਉਂ ਵਾਰ ਵਾਰ ਫਸਦੇ ਹਨ, ਸਾਡਾ ਇਕ ਫਿਕਰ ਤਾਂ ਹੈ ਕਿ ਇਸ ਅਮਲ ਵਿਚ ਅਤੇ ਸ਼ਤਰੰਜੀ ਚਾਲਾਂ ਵਿਚ ਹਜ਼ਾਰਾਂ ਨਿਕੇ ਨਿਕੇ ਦੁਕਾਨਦਾਰਾਂ ਦਾ ਵਪਾਰ ਠੱਪ ਹੋ ਗਿਆ। ਦੂਜਾ ਫਿਕਰ ਸਰਕਾਰ ਦੀਆਂ ਉਹਨਾਂ ਚਾਲਾਂ ਬਾਰੇ ਹੈ ਕਿ ਪਹਿਲੇ ਲੋਕਾਂ ਉਤੇ ਪੂਰੀ ਤਰਾਂ ਜਬਰ ਕਰੋ, ਫੇਰ ਉਹਨਾਂ ਕੋਲੋਂ ਮੁਆਫੀ ਨਾਮੇ ਆਦਿਕ ਲਿਖਵਾਕੇ ਉਹਨਾਂ ਨੂੰ ਜਲੀਲ ਕਰੋ, ਇਹਨਾਂ ਚਾਲਾਂ ਦੀ ਨਿਖੇਧੀ ਕਰਨੀ ਸਾਡਾ ਫਰਜ਼ ਹੈ। ਇਹ ਅੱਜ ਫੈਡਰੇਸ਼ਨੀਆਂ ਉਤੇ ਅਜ਼ਮਾਈਆਂ ਜਾ ਰਹੀਆਂ ਹਨ, ਕਲ ਦੂਜੇ ਸਿਆਸੀ ਵਰਕਰਾਂ ਉਤੇ ਅਜ਼ਮਾਈਆਂ ਜਾਣਗੀਆਂ। ਫੈਡਰੇਸ਼ਨ ਦੇ ਆਮ ਵਰਕਰਾਂ ਨੂੰ ਵੀ ਸੂਝ ਆਣੀ ਚਾਹੀਦੀ ਹੈ ਕਿ ਉਹਨਾਂ ਦੇ ਕਾਕੇ ਨੁਮਾ ਆਗੂ ਇਹੋ ਜਿਹੀਆਂ ਗਲਤ ਲਾਈਨਾਂ ਦੇ ਕੇ ਉਹਨਾਂ ਨੂੰ ਖਾਮਖਾਹ ਜ਼ਲੀਲ ਹੋਣ ਵਾਲੇ ਰਾਹੇ ਤੇ ਪਾਂਦੇ ਹਨ। ਆਪ ਉਹਨਾਂ ਦੇ ਵੱਡੀਆਂ ਥਾਵਾਂ ਉਤੇ ਸੰਬੰਧ ਹਨ ਤੇ ਇਹਨਾਂ ਸੰਬੰਧਾਂ ਕਰਕੇ ਹੀ ਉਹ ਆਪ ਹੌਲੇ ਜਿਹੇ ਲਾਂਭੇ ਹੋ ਜਾਂਦੇ ਹਨ।

**o ਅਸਿੱਧੇ ਤੌਰ ਤੇ ਇਕਬਾਲ :** ਗਵਰਨਰੀ ਰਾਜ ਤੋਂ ਬਾਅਦ ਗਵਰਨਰ ਅਤੇ ਰਬੇਰੋ ਨੂੰ ਵਾਰ ਵਾਰ ਇਹ ਕਹਿਣਾ ਪਿਆ ਹੈ ਕਿ ਉਹ ਵੇਖਣਗੇ ਕਿ ਪੁਲੀਸ ਵਲੋਂ ਸਾਧਾਰਨ ਲੋਕਾਂ ਉਤੇ ਕੋਈ ਜ਼ਿਆਦਤੀ ਨਾ ਹੋਏ। ਇਹ ਇਕ ਕਿਸਮ ਦਾ ਅਸਿੱਧੇ ਤੌਰ ਤੇ ਇਕਬਾਲ ਹੈ ਕਿ ਇਹ ਜ਼ਿਆਦਤੀਆਂ ਪਹਿਲੇ ਹੁੰਦੀਆਂ ਰਹੀਆਂ ਹਨ। ਪੁਲਿਸ ਵਰਤਾਰੇ ਤੋਂ ਜਾਣੂ ਲੋਕ ਭੇਲੀ ਪ੍ਰਕਾਰ ਇਹ ਜਾਣਦੇ ਹਨ ਕਿ ਇਹ ਜ਼ਿਆਦਤੀਆਂ ਵਧਣਗੀਆਂ ਭਾਵੇਂ ਰਬੇਰੋ ਜਾਂ ਗਵਰਨਰ ਕਿੰਨੇ ਹੀ ਬਿਆਨ ਦੇਣ।

**o ਰੈਡ ਗਾਰਡਾਂ ਵਲੋਂ ਦੋ ਐਕਸ਼ਨਾ ਦੀ ਜ਼ਿਮੇਵਾਰੀ :** ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਕਮਿਊਨਿਸਟਾਂ ਉਤੇ ਹੋਏ ਜਾਂ ਹੋ ਰਹੇ ਹਮਲਿਆਂ ਦਾ ਜਵਾਬ ਦੇਣ ਲਈ ਇਕ ਖੁਫੀਆ ਸੰਸਥਾ ਰੈਡ ਗਾਰਡ ਦੀ ਪਿਛਲੇ ਕੁਝ ਮਹੀਨਿਆਂ ਤੋਂ ਹੋਂਦ ਵਿਚ ਆ ਜਾਣ ਦੀਆਂ ਸੂਚਨਾਵਾਂ ਮਿਲਦੀਆਂ ਰਹੀਆਂ ਹਨ। ਹੁਣ ਇਸ ਸੰਸਥਾ ਨੇ ਦੋ ਐਕਸ਼ਨਾਂ ਦੀ ਜ਼ਿਮੇਵਾਰੀ ਆਪਣੇ ਉਤੇ ਲੈ ਲਈ ਹੈ। ਇਕ ਰਤਨ ਸਿੰਘ ਪਟਵਾਰੀ ਦੀ ਹਤਿਆ ਦੀ ਸਾਜ਼ਸ਼ ਵਿਚ ਸ਼ਾਮਲ ਮਾਸਟਰ ਮੂਰਤਾ ਸਿੰਘ ਨੂੰ ਗੋਲੀ ਮਾਰਕੇ ਬੁਰੀ ਤਰ੍ਹਾਂ ਜ਼ਖਮੀ ਕਰਨ ਦੀ ਹੈ। ਦੂਜੀ ਲਲਾ ਅੰਫਗਾਨਾ ਵਿਚ ਗੁਰਨਾਮ ਸਿੰਘ ਤੇ ਉਹਦੇ ਪੁਤਰ ਦੇ ਕਤਲ ਦੀ ਹੈ, ਜਿਨ੍ਹਾਂ ਨੇ ਅਤਿਵਾਦੀਆਂ ਲਈ ਮੁਖਬਰੀ ਕੀਤੀ ਅਤੇ ਨਤੀਜੇ ਵਲੋਂ ਸਾਥੀ ਬਲਵੰਤ ਸਿੰਘ ਦੀ ਹੱਤਿਆ ਹੋਈ। ਇਹ ਐਕਸ਼ਨ ਜਵਾਬੀ ਐਕਸ਼ਨ ਹਨ। ਕਮਿਊਨਿਸਟ ਇਨਕਲਾਬੀਆਂ ਦੀਆਂ ਕੁਝ ਧਿਰਾਂ ਸਮਝਦੀਆਂ ਹਨ ਕਿ ਖਾਲਿਸਤਾਨੀ ਦਹਿਸ਼ਤ-ਗਰਦ ਇਸ ਤੋਂ ਸਿਵਾ ਹੋਰ ਕੋਈ ਜ਼ੁਬਾਨ ਨਹੀਂ ਸਮਝਦੇ। ਮਜਬੂਰੀ ਹੇਠ ਕੀਤੇ ਇਹਨਾਂ ਐਕਸ਼ਨਾਂ ਨੂੰ ਗਲਤ ਨਹੀਂ ਕਿਹਾ ਜਾ ਸਕਦਾ ਪਰ ਫੇਰ ਵੀ ਇਸ ਗਲ ਦਾ ਬੜਾ ਸਖ਼ਤ ਧਿਆਨ ਰਖਣਾ ਜਰੂਰੀ ਹੈ ਕਿ ਗਲਤੀ ਨਾਲ ਵੀ ਕੋਈ ਗਰੀਬਮਾਰ ਨਾਂ ਹੋ ਜਾਏ। ਇਸ ਹਾਲਤ ਵਿਚ ਰੈਡ ਗਾਰਡਾਂ ਅਤੇ ਖਾਲਿਸਤਾਨੀ ਦਹਿਸ਼ਗਰਦਾਂ ਵਿਚ ਕੋਈ ਫਰਕ ਨਹੀਂ ਰਹੇਗਾ। ਇਸ ਗੱਲ ਦਾ ਧਿਆਨ ਰਖਣਾ ਵੀ ਬੜਾ ਜ਼ਰੂਰੀ ਹੈ ਕਿ ਕੋਈ ਵੀ ਐਕਸ਼ਨ ਕੇਂਦਰ ਦੀ ਤਾਨਾਸ਼ਾਹੀ ਦੇ ਹੱਕ ਵਿਚ ਨਾ ਭੁਗਤੇ।

**o ਪ੍ਰੋ. ਪ੍ਰੇਮ ਸਿੰਘ ਚਦੂ ਮਾਜਰਾ ਦਾ ਇਕਬਾ-ਲੀਆ ਬਿਆਨ :** ਇਕ ਖਬਰ ਅਨੁਸਾਰ ਬਰਖਾਸਤ ਕੀਤੀ ਬਰਨਾਲਾ ਸਰਕਾਰ ਦੇ ਇਕ ਵਜ਼ੀਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪੁਲਿਸ ਇੰਟੈਰੋਗੇਸ਼ਨ ਦਰਮਿਆਨ ਇਹ ਇਕਬਾਲ ਕੀਤਾ ਹੈ ਕਿ ਉਹਨੇ ਆਪਣੀ ਵਜਾਰਤ ਦੇ ਸਮੇਂ 50 ਲੱਖ ਦੀ ਰਿਸ਼ਵਤ ਲਈ ਹੈ। ਇਸ ਖਬਰ ਤੇ ਨਾਂ ਹੀ ਖੁਸ਼ੀ ਅਤੇ ਨਾਂ ਹੀ ਦੁਖ ਜ਼ਾਹਰ ਕੀਤਾ ਜਾ ਸਕਦਾ ਹੈ। ਇਹ ਸਚਾਈ ਹੈ ਕਿ ਬਰਨਾਲਾ ਵਜਾਰਤ ਦੇ ਬਹੁਤੇ ਵਜ਼ੀਰਾਂ ਨੇ ਭ੍ਰਿਸ਼ਟਾਚਾਰ ਦੇ ਰੀਕਾਰਡ ਮਾਤ ਕੀਤੇ ਹਨ। ਉਹਨਾਂ ਦਾ ਭ੍ਰਿਸ਼ਟਾਚਾਰ ਜੇਕਰ ਬਾਹਰ ਆਂਦਾ ਹੈ ਤੇ ਬੇਈਮਾਨ ਬੰਦਿਆਂ ਨੂੰ ਸਜ਼ਾ ਮਿਲਦੀ ਹੈ ਤਾਂ ਚੰਗੀ ਗਲ ਹੈ ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਗਵਰਨਰੀ ਰਾਜ ਜਿਸ ਸਰਕਾਰ ਦੀ ਨੁਮਾਇੰਦਾ ਹੈ, ਉਹਦਾ ਆਪਣਾ ਜਮਾ ਅਰਬਾਂ ਖਰਬਾਂ ਰੁਪਿਆਂ ਦੇ ਭ੍ਰਿਸ਼ਟਾਚਾਰ ਨਾਲ ਦਾਗੋਦਾਗ ਹੈ।

ਬਾਹਰਲੇ ਦੇਸ਼ਾਂ ਵਿਚ ਇਸ ਸਰਕਾਰ ਦੇ ਨਾਲ ਸਬੰਧਤ ਲੋਕਾਂ ਦੇ ਜਮਾਂ ਖਜਾਨੇ ਦਾ ਜੇਕਰ ਅਨੁਮਾਨ ਲਾਇਆ ਜਾਏ ਤਾਂ ਚੰਦੂ ਮਾਜਰੇ ਦੇ 50 ਲੱਖ ਦੇ ਮੁਕਾਬਲੇ ਵਿਚ ਫਿਕੇ ਪੈ ਜਾਂਦੇ ਹਨ। ਇਹ ਸਾਰਾ ਰੁਪਿਆ ਸਰਕਾਰ ਨਾਲ ਸਬੰਧਤ ਵਡੇ ਚੋਰਾਂ ਦਾ ਹੈ। ਵੀ ਪੀ ਸਿੰਘ ਨੇ ਇਸ ਚੁਰਾਏ ਧੰਨ ਦਾ ਪਤਾ ਲਗਾਉਣ ਲਈ ਐਵੇਂ ਫੇਅਰ ਫੈਕਸ ਕੰਪਨੀ ਦੀ ਸੇਵਾਵਾਂ ਲਈਆਂ। ਮਸ਼ਕੂਕ ਚੋਰਾਂ ਨੂੰ ਇਕ ਵਾਰੀ ਇੰਟੈਰੋਗੇਸ਼ਨ ਸ਼ੈਂਟਰ ਦੇ ਕੋਲੋਂ ਦੀ ਹੀ ਲੰਘਾ ਦਿਤਾ ਜਾਏ ਤਾਂ ਸਾਰੀ ਚੋਰੀ ਆਪਣੇ ਆਪ ਬਾਹਰ ਆ ਜਾਏ। ਹਮਾਮ ਵਿਚ ਜਿਹੜੇ ਆਪ ਨੰਗੇ ਹਨ, ਉਹਨਾਂ ਲਈ ਦੂਜਿਆਂ ਨੂੰ ਨੰਗਾ ਕਹਿਣਾ ਜੱਚਦਾ ਨਹੀਂ।

o **ਪ੍ਰਧਾਨ ਮੰਤਰੀ ਦੇ ਮੂੰਹੋਂ ਲੋਹਾਰੀ ਗੇਟ ਦੇ ਗੁੰਡਿਆਂ ਵਾਲੀ ਭਾਸ਼ਾ :** 16 ਮਈ ਪ੍ਰਧਾਨ ਮੰਤਰੀ ਦੀ ਇਕ ਤਕਰੀਰ ਟੀ. ਵੀ ਉਤੇ ਨਸ਼ਰ ਹੋ ਰਹੀ ਸੀ। ਇਹ ਤਕਰੀਰ ਉਹਨੇ ਦਿਲ੍ਹੀ ਬੋਟ ਕਲੱਬ ਵਿਚ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਹੁੰਦੇ ਕੀਤੀ। ਇਸ ਤਕਰੀਰ ਵਿਚ ਉਸਨੇ ਅਸਿੱਧੇ ਤੌਰ ਤੇ ਅਮਰੀਕਾ ਦੇ ਰੀਗਨ ਤੋਂ ਲੈ ਕੇ ਗਿਆਨੀ ਜ਼ੈਲ ਸਿੰਘ ਨੂੰ ਨਾਨੀ ਚੇਤੇ ਕਰਵਾ ਦਿਤੀ, ਹਰ ਕਿਸਮ ਦੀ ਘੱਟੀਆ ਜ਼ਬਾਨ ਦੀ ਉਹਨੇ ਵਰਤੋਂ ਕੀਤੀ। ਸੁਣਨ ਵਾਲਿਆਂ ਨੂੰ ਸ਼ਰਮ ਆ ਰਹੀ ਸੀ ਕਿ ਅਸੀ ਉਸ ਦੇਸ਼ ਦੇ ਵਸਨੀਕ ਹਾਂ, ਜਿਥੋਂ ਦਾ ਪ੍ਰਧਾਨ ਮੰਤਰੀ ਇਸ ਘੱਟੀਆ ਜ਼ਹਿਨੀਅਤ ਦਾ ਮਾਲਕ ਹੈ।

o **ਅਤਿਵਾਦ ਦੀ ਪ੍ਰੇਰਨਾ :** ਪੰਜਾਬ ਦੇ ਬਹੁਤੇ ਲੋਕ ਪਿੰਡਾਂ ਵਿਚ ਰਹਿੰਦੇ ਹਨ ਅਤੇ ਪਿੰਡਾਂ ਦੇ ਬਹੁਤੇ ਲੋਕ ਸਿਖ ਧਰਮ ਨਾਲ ਸਬੰਧਤ ਹਨ। ਇਸ ਵੇਲੇ ਕਹਿਣ ਨੂੰ ਤਾਂ ਪਿੰਡਾਂ ਵਿਚ ਸਕੂਲ ਖੁਲ੍ਹ ਗਏ ਹਨ ਪਰ ਇਹ ਸਕੂਲ ਕੋਈ ਵਿਦਿਆ ਦਾ ਘਰ ਨਹੀਂ। ਇਹ ਸਕੂਲ ਖੋਲਣਾ ਇਕ ਨਿਕੰਮੀ ਜਿਹੀ ਸਰਕਾਰ ਲੋਕਾਂ ਦੀਆਂ ਅੱਖਾਂ ਪੂੰਝਣ ਵਾਲਾ ਹੀ ਅਮਲ ਹੈ। ਇਹ ਸਕੂਲ ਹੁੰਦਿਆਂ ਹੋਇਆਂ ਵੀ ਅਤੇ ਪੜ੍ਹਾਈ ਲੈਂਦਿਆਂ ਹੋਇਆਂ ਵੀ ਇਹ ਬਚੇ ਅਨਪੜ੍ਹ ਹਨ। ਮੈਟਰਿਕ ਪਾਸ ਹਨ ਪਰ ਭਵਿਖ ਲਈ ਕੋਈ ਵਿਸ਼ਵਾਸ਼ ਨਹੀਂ ਰਖਦੇ ਇਹ ਸਾਰੇ ਬਚੇ, ਜੋ ਬਹੁਤੇ ਥੱਲਵੀ ਕਿਸਾਨੀ ਜਾਂ ਦਰਮਿਆਨੀ ਕਿਸਾਨੀ ਵਿਚੋਂ ਹਨ, ਬੇਕਾਰਾਂ ਦੀ ਇਕ ਫੌਜ ਹਨ। ਇਹ ਨਾਂ ਖੇਤੀ ਵਿਚ ਸਮੋ ਸਕਦੇ ਹਨ ਅਤੇ ਨਾਂ ਹੀ ਇਹਨਾਂ ਕੋਲ ਕੋਈ ਐਸੀ ਟਰੇਨਿੰਗ ਹੈ ਕਿ ਉਹ ਕਿਸੇ ਕਿਤੇ ਵਿਚ ਸਮੋਏ ਜਾ ਸਕਨ। ਦੂਜੀਆਂ ਨੌਕਰੀਆਂ ਵੀ ਕੋਈ ਨਹੀਂ ਹਨ। ਇਹ ਮੱਸ ਫੁੱਟਦੇ ਨੌਜਵਾਨ ਅਤਿਵਾਦੀ ਟੋਲਿਆਂ ਵਲ ਪ੍ਰੇਰੇ ਜਾਣ, ਬੈਂਕਾਂ ਦੀ ਲੁੱਟਮਾਰ ਜਾਂ ਹੋਰ ਲੁੱਟ ਖੋਹ ਵਲ ਪ੍ਰੇਰੇ ਜਾਣ, ਇਹ ਕੋਈ ਹੈਰਾਨਗੀ ਵਾਲੀ ਗਲ ਨਹੀਂ। ਜਦੋਂ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦਾ ਮਸਲਾ ਸਿਰਫ ਅਮਨ ਤੇ ਕਾਨੂੰਨ ਦਾ ਮੱਸਲਾ ਨਹੀਂ ਤਾਂ ਇਹਦਾ ਇਹੀ ਮਤਲਬ ਹੈ ਕਿ ਜਿਨ੍ਹਾਂ ਚਿਰ ਕੋਈ ਸਰਕਾਰ ਇਸ ਮੱਸਲੇ ਨੂੰ ਹਲ ਨਹੀ ਕਰਦੀ, ਉਹ ਅਤਵਾਦ ਉਤੇ ਕਾਬੂ ਪਾਉਣ ਵਿਚ ਕਾਮਯਾਬ ਨਹੀਂ ਹੋ ਸਕਦੀ ਇਹ ਕੰਮ ਕੋਈ ਦੂਰ ਦ੍ਰਿਸ਼ਟੀ ਵਾਲੀ ਸਰਕਾਰ ਹੀ ਕਰ ਸਕਦੀ ਹੈ।

o **ਕੁਦਰਤ ਦੀ ਕਰੋਪੀ ਕਰਕੇ ਕਿਸਾਨੀ ਦੇ ਹੋਏ ਨੁਕਸਾਨ ਨੂੰ ਕੌਮੀ ਫੰਡ ਵਿਚੋਂ ਪੂਰਾ ਕੀਤਾ ਜਾਏ :** ਬਿਨ ਮੌਸਮ ਹੋਈ ਬਾਰਸ਼ ਕਰਕੇ ਕਿਸਾਨੀ ਦਾ ਜੋ ਨੁਕਸਾਨ ਹੋਇਆ ਹੈ, ਉਸ ਨੂੰ ਸਾਰੀ ਕੌਮ ਦਾ ਨੁਕਸਾਨ ਸਮਝਿਆ ਜਾਣਾ ਚਾਹੀਦਾ ਹੈ। ਸਾਧਾਰਨ ਹਾਲਤਾਂ ਵਿਚ ਕਿਸਾਨ ਨੂੰ ਉਹਦੀ ਉਪਜ ਦੀ ਉਹੀ ਕੀਮਤ ਮਿਲਦੀ ਹੈ, ਜੋ ਸੱਰਕਾਰ ਮੁਕੱਰਰ ਕਰਦੀ ਹੈ। ਕਿਸਾਨ ਕੋਈ ਵਾਧੂ ਮੁਨਾਫਾ ਨਹੀ ਲੈਂਦਾ। ਹੁਣ ਨੁਕਸਾਨ ਹੋਇਆ ਤਾਂ ਕਲਾ ਕਿਸਾਨ ਕਿਉਂ ਭੁਗਤੇ ? ਬਾਕੀ ਇਸ ਨੁਕਸਾਨ ਵਿਚ ਹਿੱਸਾ ਕਿਉਂ ਨਾਂ ਵੰਡਾਉਣ ਪਿਛਲੇ ਸਾਲ ਇਕ ਖੇਤ ਵਿਚੋਂ ਜਿਨੀ ਕਨਕ ਮੰਡੀ ਵਿਚ ਗਈ ਉਹਦਾ ਪੂਰਾ ਹਿਸਾਬ ਕਾਗਜ਼ਾਂ ਵਿਚ ਹੈ। ਇਸ ਦਫਾ ਉਸਤੋਂ ਜਿਨੀ ਘੱਟ ਕਨਕ ਹੈ, ਉਹਦਾ ਪੂਰਾ ਮੁਆਵਜ਼ਾ ਕੌਮੀ ਫੰਡ ਵਿਚੋਂ ਦਿਤਾ ਜਾਣਾ ਚਾਹੀਦਾ ਹੈ। ਕਿਸਾਨ ਸਭਾਵਾਂ ਨੂੰ ਇਹ ਸਿਧੀ ਜਿਹੀ ਮੰਗ ਕਰਨੀ ਚਾਹੀਦੀ ਹੈ। ਹੋਰਨਾਂ ਗਿਣਤੀਆਂ ਵਿਚ ਨਹੀ ਪੈਣਾ ਚਾਹੀਦਾ। ਕੌਮੀ ਫੰਡ ਵ੍ਰਿਚੋਂ ਇਹ ਨੁਕਸਾਨ ਪੂਰਾ ਕਰਨਾ ਇਕ ਮਮੂਲੀ ਗਲ ਹੋਵੇਗੀ। ਇਸ ਮੰਗ ਦੇ ਦੁਆਲੇ ਹੀ ਸਾਰੀ ਲਾਮਬੰਦੀ ਹੋਣੀ ਚਾਹੀਦੀ ਹੈ।

o **ਇਰਾਦੀ ਕਮਿਸ਼ਨ :** ਇਸ ਕਮਿਸ਼ਨ ਨੇ ਬੜੇ ਸਪੱਸ਼ਟ ਤਰੀਕੇ ਨਾਲ ਪੰਜਾਬ ਨਾਲ ਬੇਇਨਸਾਫੀ ਕੀਤੀ ਹੈ। ਉਂਝ ਇਹਨੇ ਫਾਇਦਾ ਹਰਿਆਣੇ ਦਾ ਵੀ ਸਿਰਫ ਕਾਗਜ਼ਾਂ ਵਿਚ ਹੀ ਕੀਤਾ ਹੈ ਕਿ ਕਿਉਂਕਿ ਜਦੋਂ ਪਾਣੀ ਦਾ ਹਿਸਾਬ ਕਿਤਾਬ ਲਗਾਂਇਆ ਹੈ ਤਾ ਉਹ ਵੀ ਪਾਣੀ ਸ਼ਾਮਲ ਕਰ ਲਿਆ ਹੈ, ਜਿਹੜਾ ਹੜ੍ਹ ਆਏ ਹੋਏ ਨਦੀ ਨਾਲਿਆਂ ਵਿਚ ਵਗਦਾ ਹੈ। ਇਹ ਪਾਣੀ ਸਿੰਚਾਈ ਲਈ ਤਾਂ ਹੀ ਵਰਤਿਆ ਜਾ ਸਕਦਾ ਹੈ ਜੇ ਬੰਨ (ਡੈਮ) ਬਣਾਕੇ ਇਸਨੂੰ ਸਾਂਭਿਆ ਜਾਏ। ਜਦ ਇਹ ਡੈਮ ਕਿਧਰੇ ਹੋਂਦ ਵਿਚ ਹੀ ਨਹੀਂ ਤਾਂ ਪਾਣੀ ਰਹਿਆਨੇ ਨੂੰ ਕਿਥੋਂ ਮਿਲੇਗਾ ? ਜੇ ਡੈਮ ਬਣ ਜਾਏ ਤਾਂ ਪੰਜਾਬ ਨੂੰ ਵੀ ਫੇਰ ਪਾਣੀ ਦੀ ਕਮੀ ਨਹੀਂ ਰਹੇਗੀ ਭਾਵੇਂ ਕਮਿਸ਼ਨ ਵਲੋਂ ਕੀਤੀ ਪੰਜਾਬ ਦੀ ਹੱਕ ਤਲਫੀ ਦੀ ਭਾਵਨਾ ਉਸੇ ਤਰ੍ਹਾਂ

ਕਾਇਮ ਰਹੇਗੀ। ਅਸਲੀਅਤ ਇਹ ਹੈ ਪੰਜਾਬ ਨਾਲ ਬੇਇਨਸਾਫੀ ਕੀਤੀ ਗਈ ਹੈ, ਹਰਿਆਨੇ ਨਾਲ ਧੋਖਾ ਕੀਤਾ ਗਿਆ ਹੈ। ਹਰਿਆਨੇ ਲਈ ਇਹ ਮੁਹਾਵਰਾ 'ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ, ਤੇ ਪੰਜਾਬ ਲਈ 'ਜਾਟ ਓ ਜਾਟ ਤੇਰੇ ਸਿਰ ਤੇ ਕੋਹਲੂ ਵਾਲਾ ਮੁਹਾਵਰਾ ਲਾਗੂ ਹੁੰਦਾ ਹੈ। ਪੰਜਾਬ ਅਤੇ ਹਰਿਆਨਾ ਦੇ ਲੋਕਾਂ ਨੂੰ ਕੇਂਦਰ ਦੀਆਂ ਇਹਨਾਂ ਚਾਲਾਂ ਨੂੰ ਅਸਫਲ ਬਣਾਉਣਾ ਚਾਹੀਦਾ ਹੈ। ਸਿੱਖਾਂ ਦਾ ਖਿਆਲ ਹੈ ਕਿ ਕਿਸੇ ਵੀ ਕਮਿਸ਼ਨ ਨੇ ਕਦੀ ਵੀ ਸਿੱਖਾਂ ਨਾਲ ਇਨਸਾਫ ਨਹੀਂ ਕੀਤਾ ਪਰ ਅਸਲੀਅਤ ਹੈ ਕਿ ਕਿਸੇ ਵੀ ਕਮਿਸ਼ਨ ਨੇ ਕਦੀ ਵੀ **ਲੋਕਾਂ ਨਾਲ ਇਨਸਾਫ ਨਹੀਂ ਕੀਤਾ।**

**੦ ਪੰਜਾਬ ਦੀ ਹਿੰਦੂ ਵਸੋਂ ਦੀ ਰਾਏਆਮਾ :** ਇਹ ਰਾਏਆਮਾ ਬਨਾਉਣ ਵਿਚ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਦੀ ਬੜੀ ਵੱਡੀ ਭੂਮਿਕਾ ਹੈ ਤੇ ਇਸ ਤੋਂ ਵੀ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਿਥੋਂ ਤਕ ਪੰਜਾਬ ਦੇ ਮੱਸਲਿਆਂ ਦਾ ਸੰਬੰਧ ਹੈ, ਇਹ ਭੂਮਿਕਾ ਬਹੁਤੀ ਨਾ ਪੱਖੀ ਹੀ ਰਹੀ ਹੈ। ਇਕ ਵੱਡਾ ਕਾਰਨ ਇਹ ਵੀ ਕਿਹਾ ਜਾ ਸਕਦਾ ਹੈ ਇਹਨਾਂ ਅਖਬਾਰਾਂ ਨੇ ਹਰ ਹਾਲਤ ਵਿਚ ਅਕਾਲੀ ਦਲ ਦੀ ਵਿਰੋਧਤਾ ਹੀ ਕਰਨੀ ਹੈ। ਅਕਾਲੀ ਦਲ ਸਮੁੱਚੀ ਪੰਜਾਬ ਦੀਆਂ ਮੰਗਾਂ ਨੂੰ ਹਮੇਸ਼ਾਂ ਸਿੱਖਾਂ ਦੀ ਮੰਗਾਂ ਦੇ ਤੌਰ ਤੇ ਪੇਸ਼ ਕਰਦਾ ਹੈ ਤੇ ਉਹਨਾਂ ਦੀ ਵਿਰੋਧਤਾ ਕਰਦੀਆਂ ਹੋਈਆਂ ਇਹ ਅਖਬਾਰਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਪੰਜਾਬ ਵਿਰੋਧੀ ਭੂਮਿਕਾ ਹੀ ਨਿਭਾਂਦੀਆਂ ਰਹੀਆਂ ਹਨ। ਲਾਲਾ ਜਗਤ ਨਰਾਇਣ ਅਤੇ ਸਾਧੂ ਸਿੰਘ ਹਮਦਰਦ ਜਦੋਂ ਜੀਂਦੇ ਸਨ ਤਾਂ ਉਹਨਾਂ ਦੀ ਜਿਹੜੀ ਨੋਕ ਝੋਕ ਹੁੰਦੀ ਸੀ, ਉਹਨੇ ਪੰਜਾਬ ਦੇ ਹਿੰਦੂ ਸਿਖਾਂ ਦੇ ਸਾਂਝੇ ਭਾਈਚਾਰੇ ਵਿਚ ਬੜੀਆਂ ਹੀ ਤਰੇੜਾਂ ਪਾਈਆਂ ਹਨ। ਇਹਨਾਂ ਨੇ ਆਪਣੇ ਅਖਬਾਰ ਚਲਾਉਣ ਦੀ ਖਾਤਿਰ ਸਾਧਾਰਨ ਹਿੰਦੂ ਸਿੱਖਾਂ ਨੂੰ ਨਫਰਤ ਦੀ ਜ਼ਬਾਨ ਦਿੱਤੀ। 1947 ਤੋਂ ਬਾਅਦ ਪੰਜਾਬ ਦੀ ਬਰਬਾਦੀ ਵਿਚ ਇਹਨਾਂ ਦੋ ਸ਼ਖਸੀਅਤਾਂ ਦੀ ਬੜੀ ਵੱਡੀ ਦੇਣ ਹੈ। ਕਿਸੇ ਕੱਟੜ ਆਰੀਆ ਸਮਾਜੀ ਵਲੋਂ ਜਾਂ ਜਾਂ ਕਿਸੇ ਕੱਟੜ ਸਿਖ ਵਲੋਂ ਮੰਦਰ ਜਾਂ ਗੁਰਦੁਆਰੇ ਵਿਚ ਕਹੀ ਗੱਲ ਨੂੰ ਵੱਡੀਆਂ ਸੁਰਖੀਆਂ ਵਾਲੀ ਖਬਰ ਬਣਾਕੇ ਨਸ਼ਰ ਕੀਤਾ। ਗ਼ੈਰ ਫਿਰਕੂ ਸਿੱਖਾਂ ਅਤੇ ਹਿੰਦੂਆਂ ਦੀਆਂ ਸਰਗਰਮੀਆਂ ਨੂੰ ਹਮੇਸ਼ਾਂ ਨਜ਼ਰ ਅੰਦਾਜ਼ ਕੀਤਾ। ਧਨੀ ਰਾਮ ਚਾਤ੍ਰਿਕ, ਨੰਦ ਲਾਲ ਨੂਰਪੁਰੀ, ਸ਼ਿਵਕੁਮਾਰ ਬਟਾਲਵੀ, ਸ੍ਰ. ਗੁਰਰਖਸ਼ ਸਿੰਘ ਪ੍ਰੀਤਲੜੀ ਜਾਂ ਕਹਿ ਲਵੋ ਸੈਕੂਲਰ ਲੇਖਕਾਂ ਨੂੰ ਅਣਗੌਲਿਆ ਕੀਤਾ ਪਰ ਸਵਾਮੀਆਂ, ਭਾਈ ਸਾਹਿਬਾਂ ਦੀਆਂ ਲਿਖਤਾਂ ਨੂੰ ਪ੍ਰਮਾਣਤਾ ਦਿੱਤੀ। ਲੋੜ ਪੈਣ ਤੇ ਪੈਂਤੜੇ ਵੀ ਬਦਲੇ। ਅੱਜ ਕਲ੍ਹ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਵਿਚ ਜਗਜੀਤ ਸਿੰਘ ਆਨੰਦ, ਜਥੇਦਾਰ ਉਮਰਾ ਨੰਗਲ ਦੀਆਂ ਲਿਖਤਾਂ ਨੂੰ ਬੜੀ ਥਾਂ ਦਿੱਤੀ ਜਾਂਦੀ ਹੈ। ਕਿਉਂ ? ਕਿਉਂਕਿ ਇਹਨਾਂ ਦਾ ਸਿੱਖ ਅਤਿਵਾਦ ਦੇ ਵਿਰੁਧ ਇਕ ਸਟੈਂਡ ਹੈ। ਉਹਨਾਂ ਦੇ ਸਟੈਂਡ ਵਿਚ ਕੋਈ ਗ਼ਲਤੀ ਨਹੀਂ ਪਰ ਹਿੰਦ ਸਮਾਚਾਰ ਗਰੁੱਪ ਉਹਨਾ ਨੂੰ 'ਸਿੱਖ ਵਿਰੋਧੀ' ਚੌਖਟੇ ਵਿਚ ਹੀ ਫਿਟ ਕਰਕੇ ਇਸਤੇਮਾਲ ਕਰਦਾ ਹੈ ਤੇ ਸੁਰਖੀਆਂ ਵੀ ਆਪਣੀ ਲੋੜ ਅਨੁਸਾਰ ਲਗਾਂਦਾ ਹੈ। ਇਹਨਾਂ ਅਖਬਾਰਾਂ ਨੇ ਆਪਣੇ ਅਸਰ ਥਲੇ ਦੀ ਹਿੰਦੂ ਰਾਏਆਮਾ ਨੂੰ ਕਦੀ ਵੀ ਇਹ ਅਹਿਸਾਸ ਨਹੀਂ ਕਰਾਇਆ ਕਿ ਪੰਜਾਬ ਦੀ ਸਿਖ ਵਸੋਂ ਦਾ ਇਕ ਬਹੁਤ ਵਡਾ ਹਿੱਸਾ ਰੇਡੀਕਲ ਤੇ ਸੈਕੂਲਰ ਵਿਚਾਰਧਾਰਾ ਨਾਲ ਸਬੰਧ ਰਖਦਾ ਹੈ ਜੋ ਅਕਾਲੀਆਂ ਦੀ ਫਿਰਕੂ ਨੀਤੀਆਂ ਦੇ ਵੀ ਵਿਰੁਧ ਹੈ ਅਤੇ ਕੇਂਦਰ ਵਿਚ ਹਾਵੀ ਹਿੰਦੂ ਸ਼ਾਵਨਵਾਦ ਦੇ ਵਿਰੁਧ ਵੀ ਹੈ। ਨਤੀਜੇ ਤੇ ਤੌਰ ਤੇ ਹਿੰਦੂ ਰਾਏਆਮਾ ਆਮ ਤੌਰ ਤੇ ਸਿਖ ਵਿਰੋਧੀ ਹੋ ਕੇ ਹੀ ਨਿਬੜ ਰਹੀ ਹੈ।

ਪੰਜਾਬ ਦੀ ਹਿੰਦੂ ਵਸੋਂ (ਸਿਵਾਏ ਉਹ ਹਿੱਸਾ ਜੋ ਰੇਡੀਕਲ ਵਿਚਾਰਧਾਰਾ ਨਾਲ ਸੰਬਧਤ ਹੈ) ਨੇ ਕਦੀ ਵੀ ਯਕੀਨ ਬਣਾਕੇ ਪੰਜਾਬ ਦੇ ਮਸਲਿਆਂ ਬਾਰੇ ਆਜ਼ਾਦਾਨਾ ਤੌਰ ਤੇ ਦਖਲਅੰਦਾਜ਼ੀ ਨਹੀਂ ਕੀਤੀ। ਹਮੇਸ਼ਾ ਕੇਂਦਰ ਵਲ ਹੀ ਅੱਖਾਂ ਲਾਈ ਰਖੀਆਂ ਹਨ। ਕੇਂਦਰ ਸਿਖਾਂ ਉਤੇ ਹੋਰ ਸਖਤੀ ਵਰਤੇ, ਕੇਂਦਰ ਬਰਨਾਲਾ ਸਰਕਾਰ ਨੂੰ ਬਰਖਾਸਤ ਕਰੇ, ਕੇਂਦਰ ਸਰਹੱਦੀ ਪੱਟੀ ਬਣਾਏ (ਕੋਈ ਫਿਕਰ ਨਹੀਂ ਹਜ਼ਾਰਾਂ ਕਿਸਾਨ ਟੱਬਰ ਉੱਜੜ ਜਾਣ) ਕੇਂਦਰ ਫੌਜੀ ਰਾਜ ਲਗਾਏ, ਕੇਂਦਰ ਸੂਬਿਆਂ ਨੂੰ ਵੱਧ ਅਧਿਕਾਰ ਨਾ ਦੇਵੇ, ਕੇਂਦਰ ਹੀ ਸਾਨੂੰ ਬਚਾਏ, ਕੇਂਦਰ ਹੀ ਸਾਡਾ ਵਾਲੀਵਾਰਸ ਹੈ। ਚੰਦੂਮਾਜਰਾ ਨੂੰ ਪੁਲਸ ਥਾਨੇ ਵਿਚ ਮਾਰ ਪੈ ਰਹੀ ਹੈ, ਸੁਰਖੀਆਂ ਲਗਾਕੇ ਬੜੀ ਖੁਸ਼ੀ ਜ਼ਾਹਰ ਕੀਤੀ ਜਾ ਰਹੀ ਹੈ। ਚੰਦੂਮਾਜਰਾ ਦੇ ਅਤਿ-ਵਾਦੀਆਂ ਨਾਲ ਸਬੰਧ ਸਨ, ਰਬੇਰੋ ਦਾ ਇਹ ਬਿਆਨ ਸੁਰਖੀ ਹੈ ਪਰ ਬਰਨਾਲਾ ਦੇ ਇਸ ਬਿਆਨ ਦਾ ਕੋਈ ਜ਼ਿਕਰ ਨਹੀਂ ਕਿ ਰਬੇਰੋ ਨੇ ਕਦੀ ਵੀ ਉਸ ਨਾਲ ਇਸ ਬਾਰੇ ਗੱਲ ਨਹੀਂ ਕੀਤੀ ਸੀ। ਕੀ ਰਬੇਰੋ ਮੁਖ ਮੰਤਰੀ ਨੂੰ ਕਿਸੇ ਮਸਲੇ ਬਾਰੇ ਸਬੂਤ ਦੇ ਕੇ ਵਿਸ਼ਵਾਸ਼ ਵਿਚ ਨਹੀਂ ਲੈ ਸਕਦਾ ਸੀ ?

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜਦੋਂ 16 ਮਈ ਅਪਣੀ ਬੋਟ ਕੱਲਬ ਵਾਲੀ ਮੀਟਿੰਗ ਵਿਚ ਵਾਰ ਵਾਰ ਖਾਲਿਸਤਾਨ ਦਾ ਜ਼ਿਕਰ ਕਰ ਰਿਹਾ ਸੀ ਤੇ ਉਹ ਸਿਰਫ ਹਰਿਆਨਾ ਦੇ ਅਲੈਕਸ਼ਨਾਂ ਨੂੰ ਮੁੱਖ ਰਖਕੇ ਇਹ ਕਰ ਰਿਹਾ ਸੀ। ਪੰਜਾਬ ਦੇ ਹਿੰਦੂਆਂ ਦਾ ਕੋਈ ਭਲਾ ਨਹੀਂ ਸੋਚ ਰਿਹਾ ਸੀ। ਹਿੰਦੂ ਰਾਏਆਮਾ ਨੂੰ ਇਸ ਗੱਲ ਦਾ

ਅਹਿਸਾਸ ਹੋਣਾ ਚਾਹੀਦਾ ਹੈ ਕਿ ਪਿਛਲੇ 8-9 ਸਾਲਾਂ ਤੋਂ ਉਹ ਪੰਜਾਬ ਵਿਚ ਜਿਹੜੀ ਸਹਿਮ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ, ਉਸ ਵਿਚ ਰਾਜੀਵ ਗਾਂਧੀ ਅਤੇ ਉਹਦੀ ਮਾਂ ਇੰਦਰਾ ਗਾਂਧੀ ਦਾ ਵੀ ਬੜਾ ਵਡਾ ਹਿੱਸਾ ਹੈ, ਜਿਨ੍ਹਾਂ ਨੇ ਪੰਜਾਬ ਦੇ ਮੱਸਲੇ ਬਾਰੇ ਕਦੀ ਵੀ ਸਹੀ ਢੰਗ ਨਾਲ ਨਹੀਂ ਸੋਚਿਆ ਅਤੇ ਪੰਜਾਬੀ ਹਿੰਦੂਆਂ ਦੇ ਦੁੱਖ ਅਤੇ ਤਕਲੀਫਾਂ ਨੂੰ ਸਿਰਫ ਅਪਣੀ ਰਾਜਨੀਤੀ ਲਾਗੂ ਕਰਨ ਲਈ ਹੀ ਵਰਤਿਆ ਹੈ।

ਪੰਜਾਬ ਦੀ 48% ਵਸੋਂ ਗ਼ੈਰ ਸਿਖਾਂ ਦੀ ਹੈ। ਪੰਜਾਬ ਵਲ ਉਹਨਾਂ ਦੇ ਵੀ ਕੁਝ ਫਰਜ਼ ਹਨ। ਜੇ ਹਿੰਦੂ ਗਾਇਆਮਾ ਹਮੇਸ਼ਾ ਕੇਂਦਰ ਵਲ ਵੇਖਦੀ ਰਹੀ ਤਾਂ ਉਹ ਕਦੀ ਵੀ ਵਿਸ਼ਵਾਸ਼ ਨਾਲ ਪੰਜਾਬ ਦੇ ਮੱਸਲਿਆਂ ਵਿਚ ਦਖਲ ਅੰਦਾਜ਼ ਨਹੀਂ ਹੋ ਸਕੇਗੀ। ਹਿੰਦੂ ਵਸੋਂ ਨੂੰ ਕੇਂਦਰ ਵਲ ਵੇਖਣ ਦੀ ਇਸ ਮਾਨਸਕਤਾ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਅਤੇ ਸੇਕੂਲਰ ਸੋਚ ਵਾਲੇ ਸਿਖਾਂ ਨਾਲ ਮੋਢੇ ਨਾਲ ਮੋਢਾ ਜੋੜਕੇ ਪੰਜਾਬ ਦੀ ਬੇਹਤਰੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਪੰਜਾਬ ਦੀ ਬੇਹਤਰੀ ਦੇਸ਼ ਦੀ ਸੇਹਿਤ ਨੂੰ ਵਿਗਾੜਣ ਨਹੀਂ ਲਗੀ ਸਗੋਂ ਪੰਜਾਬ ਦੀ ਬੇਹਤਰੀ ਦੇਸ਼ ਦੀ ਬੇਹਤਰੀ ਲਈ ਇਕ ਹਾਂ ਪੱਖੀ ਹਿੱਸਾ ਹੀ ਪਾਏਗੀ। ○

## ਸਾਥੀ ਦੀਪਕ ਧਵਨ ਦੀ ਯਾਦ ਵਿਚ

ਸਾਥੀ ਮਾਰਕਸੀ ਪਾਰਟੀ ਦਾ ਇਕ ਬਹੁਤ ਹੀ ਸੂਝਵਾਨ ਕਾਰਕੁੰਨ ਸੀ। ਖਾਲਸਾ ਡੀ. ਏ. ਵੀ. ਅੰਮ੍ਰਿਤਸਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਦਿਆਰਥੀ ਰਹਿਣ ਦੇ ਸਮੇਂ ਉਹ ਵਿਦਿਆਰਥੀਆਂ ਦਾ ਸਿਰ ਕੱਢ ਆਗੂ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ. ਏ. ਕਰਨ ਦੇ ਬਾਅਦ ਉਹਨੇ ਕੁਲਵਕਤੀ ਕਾਰਕੁਨ ਦੀ ਹੈਸੀਅਤ ਵਿਚ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਿਚ ਲਗਾ ਦਿਤੀ। ਤਰਨ ਤਾਰਨ ਦੇ ਇਲਾਕੇ ਵਿਚ ਉਹਦੀ ਅਗਵਾਈ ਵਿਚ ਖੇਤ ਮਜ਼ਦੂਰਾਂ ਨੇ ਬੜੇ ਗੌਰਵਮਈ ਸੰਘਰਸ਼ ਲੜੇ। ਅਤਿਵਾਦੀ ਅਨੱਸਰਾਂ ਦੇ ਵਿਰੁਧ ਉਹਨੇ ਬੇ ਖੌਫ ਹੋਕੇ। ਵਿਚਾਰਧਾਰਕ ਅਤੇ ਜਥੇਬੰਦਕ ਸੰਘਰਸ਼ ਕੀਤਾ। ਉਹ ਉਹਨਾਂ ਕਾਲੀਆਂ ਸ਼ਕਤੀਆਂ ਦੇ ਹਥੋਂ ਸ਼ਹੀਦ ਹੋਇਆ ਜੋ ਧਾਰਮਕ ਕਟੜਵਾਦ ਦੇ ਨਾਂ ਥਲੇ ਪੰਜਾਬ ਵਿਚ ਵਿਚਰ ਰਹੀਆਂ ਹਨ ਅਤੇ ਲੋਕਾਂ ਦਾ ਜੀਣ ਦਾ ਹੱਕ ਖੋ ਰਹੀਆਂ ਹਨ ਸਾਥੀ ਬਲਦੇਵ ਮਾਨ ਤੋਂ ਬਾਅਦ ਅੰਮ੍ਰਿਤਸਰ ਜ਼ਿਲੇ ਦਾ ਇਹ ਦੂਜਾ ਹੋਣਹਾਰ ਸਾਥੀ ਹੈ, ਜੋ ਸਾਡੇ ਕੋਲੋਂ ਖੋਹਿਆ ਗਿਆ ਹੈ। ਸਾਥੀ ਦਾ ਇਸ ਤਰ੍ਹਾਂ ਖੋਹਿਆ ਜਾਣਾ ਸਮੁੱਚੀ ਖੱਬੀ ਲਹਿਰ ਦਾ ਨਾ ਭਰਿਆ ਜਾਣਾ ਵਾਲਾ ਨੁਕਸਾਨ ਹੈ। ਅਸੀਂ ਵਿਛੜ ਗਏ ਸਾਥੀ ਨੂੰ ਸੂਹੀ ਸ਼ਰਧਾਂਜਲੀ ਅਰਪਣ ਕਰਦੇ ਹਾਂ ਤੇ ਅਣ ਕਰਦੇ ਹਾਂ ਕਿ ਉਹਦੀ ਕੁਰਬਾਨੀ ਅਜਾਈਂ ਨਹੀਂ ਜਾਏਗੀ।

## ਇਨਕਲਾਬੀ ਕੇਂਦਰ ਪੰਜਾਬ ਵਲੋਂ ਉਲੀਕੇ ਅਗਲੇ ਕੁਝ ਪ੍ਰੋਗਰਾਮ

ਕਾਨਫਰੰਸਾਂ ਅਤੇ ਸਭਿਆਚਰਕ ਪ੍ਰੋਗਰਾਮ

**9 ਜੂਨ ਸਮਰਾਲਾ, 10 ਜੂਨ ਮਾਛੀਵਾੜਾ 11 ਜੂਨ ਖਮਾਣੋ**

13 ਜੂਨ–ਪੰਜਾਬੀ ਭਵਨ ਲੁਧਿਆਣਾ ਵਿਚ ਸਾਰੀ ਰਾਤ ਦਾ ਪ੍ਰੋਗਰਾਮ

17 ਜੂਨ–ਢੁਡੀਕੇ ਗ਼ਦਰ ਪਾਰਟੀ ਦੇ ਸ਼ਹੀਦਾਂ ਦੀ ਯਾਦ ਵਿਚ ਰਾਤ ਦੀ ਕਾਨਫਰੰਸ ਅਤੇ ਡਰਾਮੇ

18 ਜੂਨ–ਬਿਲਾਸਪੁਰ ਇਕ ਵਿਸ਼ਾਲ ਮੀਟਿੰਗ

11 ਜੁਲਾਈ ਬਠਿੰਡਾ, 12 ਜੁਲਾਈ ਮੋਗਾ ਵਿਖੇ ਪ੍ਰੋ. ਰਨਧੀਰ ਸਿੰਘ ਜੀ ਦੇ ਲੈਕਚਰ ਅਯੋਜਿਤ ਕੀਤੇ ਜਾ ਰਹੇ ਹਨ।

ਇਹਨਾਂ ਸਾਰੇ ਪ੍ਰੋਗਰ ਮਾਂ ਦਾ ਨਿਸ਼ਾਨਾ ਇਨਕਲਾਬੀ ਸਿਆਸਤ ਨੂੰ ਲੋਕਾਂ ਵਿਚ ਲਿਜਾਣਾ ਹੈ।

ਵਲੋਂ: ਗੁਰਸ਼ਰਨ ਸਿੰਘ ਕਨਵੀਨਰ ਇਨਕਲਾਬੀ ਕੇਂਦਰ ਪੰਜਾਬ

ਨੋਟ: ਬਾਹਰਲੇ ਅਤੇ ਕੇਂਦਰ ਦੇ ਅੰਦਰ ਕੰਮ ਕਰ ਰਹੇ ਸਾਥੀਆਂ ਵਲੋਂ ਆਏ ਸੁਝਾਵਾਂ ਨੂੰ ਮੁੱਖ ਰਖਦੇ ਹੋਏ ਇਨਕਲਾਬੀ ਏਕਤਾ ਕੇਂਦਰ ਪੰਜਾਬ ਦਾ ਨਾਂ ਇਨਕਲਾਬੀ ਕੇਂਦਰ ਪੰਜਾਬ ਵਿਚ ਬਦਲਿਆ ਗਿਆ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਨਾਟਕ

# ਦਾਸਤਾਨ-ਏ-ਪੰਜਾਬ

ਗੁਰਸ਼ਰਨ ਸਿੰਘ

ਨਾਟਕ ਸ਼ੁਰੂ ਹੋਣ ਤੇ ਇਕ ਬਜ਼ੁਰਗ ਮੰਚ ਤੇ ਆਂਦਾ ਹੈ। ਉਹਦੇ ਹੱਥ ਵਿਚ ਇਕ ਸੋਟੀ ਹੈ, ਜਿਸਨੂੰ ਉਹਨੇ ਇਕ ਕਲਮ ਦੀ ਪਕੜ ਦੇ ਅੰਦਾਜ਼ ਵਿਚ ਪਕੜੀ ਹੋਈ ਹੈ । ਉਹ ਆ ਕੇ ਸੋਟੀ ਨਾਲ ਮੰਚ ਤੇ ਫਰਸ਼ ਤੇ ਇਕ ਹਾਸ਼ੀਏ ਵਾਂਗ ਲੀਕਾਂ ਪਾਂਦਾ ਹੈ ਅਤੇ ਫੇਰ ਕੁਝ ਲਿਖਣਾ ਸ਼ੁਰੂ ਕਰ ਦੇਂਦਾ ਹੈ। ਚਾਰੇ ਪਾਸੇ ਤੋਂ ਚਾਰ ਹਥਿਆਰਬੰਦ ਪਾਤਰ ਉਹਦੇ ਵਲ ਵਧਨੇ ਸ਼ੁਰੂ ਹੋ ਜਾਂਦੇ ਹਨ। ਬਜ਼ੁਰਗ ਆਪਣੇ ਧਿਆਨ ਵਿਚ ਲਿਖਦਾ ਜਾ ਰਿਹਾ ਹੈ।

ਇਹ ਦਾਸਤਾਂ ਹੈ ਧਰਤੀ ਪੰਜਾਬ ਦੀ
ਇਹ ਦਾਸਤਾਂ ਹੈ ਇਕ ਸੰਤਾਪ ਦੀ
ਸੰਤਾਪ ਜੋ ਅਸੀਂ ਭੋਗ ਰਹੇ ਹਾਂ
ਸੰਤਾਪ ਜੋ ਅਸੀਂ ਜੀ ਰਹੇ ਹਾਂ
ਜ਼ਹਿਰ ਮਾਰੂ ਅਸੀਂ ਪੀ ਰਹੇ ਹਾਂ
ਇਹ ਦਾਸਤਾਂ ਹੈ ਇਕ ਸੰਤਾਪ ਦੀ
ਇਹ ਦਾਸਤਾਂ ਹੈ ਉਜੜੇ ਪੰਜਾਬ ਦੀ

ਇਕ : ਓਏ ਬੁੱਢਿਆ, ਕੀ ਕਰ ਰਿਹਾ ਏਂ ?

ਦੋ : ਇਹ ਲੀਕਾਂ ਕੀ ਵਾਹ ਰਿਹਾ ਏਂ ?

ਤਿੰਨ : ਧਰਤੀ ਨੂੰ ਗੰਦਾ ਕਰ ਰਿਹਾ ਏ ?

ਚਾਰ : ਹਰਫਾਂ ਨੂੰ ਮਿੱਟੀ ਵਿਚ ਰੋਲ ਰਿਹਾ ਏਂ ?

ਬੁੱਢਾ : ਮੈਂ ਇਸ ਧਰਤੀ ਦੀ ਦਾਸਤਾਨ ਲਿਖ ਰਿਹਾ ਹਾਂ।

ਇਕ : ਇਹ ਕਾਲੇ ਹਾਸ਼ੀਏ ਕੀ ਬਣਾ ਰਿਹਾ ਏਂ ।

ਬੁੱਢਾ : ਕਿਉਂਕਿ ਜਿਸ ਦਾਸਤਾਨ ਨੂੰ ਲਿਖ ਰਿਹਾ ਹਾਂ,ਉਹ ਕਾਲੇ ਹਾਸ਼ੀਏ ਵਿਚ ਹੀ ਲਿਖਣ ਵਾਲੀ ਦਾਸਤਾਨ ਹੈ।

ਦੋ : ਇਹ ਕਿਸ ਕਿਸਮ ਦੀ ਦਾਸਤਾਨ ਹੈ

ਬੁੱਢਾ : ਜੋ ਕੁਝ ਇਸ ਧਰਤੀ ਤੇ ਵਾਪਰਿਆ ਹੈ ਜਾਂ ਵਾਪਰ ਰਿਹਾ ਹੈ, ਇਹ ਉਸ ਸਭ ਕੁਝ ਦੀ ਦਾਸਤਾਨ ਹੈ।

ਤਿੰਨ : ਕੌਣ ਨੇ ਇਸਦੇ ਪਾਤਰ ?

ਬੁੱਢਾ : ਤੁਸੀਂ ਵੀ ਇਸਦੇ ਪਾਤਰ ਹੋ (ਇਕ, ਦੋ, ਤਿੰਨ ਅਤੇ ਚਾਰ ਵਲ ਵਾਰੀ ਵਾਰੀ ਵੇਖਦਾ ਹੈ)

ਚਾਰ : ਅਸੀਂ ?

ਬੁੱਢਾ : ਹਾਂ, ਤੁਸੀਂ। ਇਹ ਦਾਸਤਾਨ ਕਾਲੇ ਹਾਸ਼ੀਏ ਵਿਚ, ਕਾਲੀ ਸਿਆਹੀ ਨਾਲ, ਕਾਲੇ ਅਖਰਾਂ, ਵਡੇ ਅਖਰਾਂ ਵਿਚ ਲਿਖ ਰਿਹਾ ਹਾਂ, ਤਾਂ ਜੋ ਇਹ ਦਾਸਤਾਨ ਕਿਸੇ ਨੂੰ ਭੁਲੇ ਨਾ । ਲੋਕ ਇਸਨੂੰ ਯਾਦ ਰਖਣ।

ਇਕ : ਕੀ ਉਹ ਭੁਲ ਜਾਂਦੇ ਨੇ ?

ਬੁੱਢਾ : ਹਾਂ ਲੋਕਾਂ ਦੀ ਯਾਦ ਬੜੀ ਕਮਜ਼ੋਰ ਏ।

ਜਦੋਂ ਉਪਰੇਸ਼ਨ ਨੀਲਾ ਤਾਰਾ ਹੁੰਦਾ ਹੈ, ਉਹ ਭੁਲ ਜਾਂਦੇ ਹਨ ਕਿ ਕੋਈ ਢਿਲਵਾਂ ਬਸ ਕਾਂਡ ਵੀ ਹੋਇਆ ਸੀ। ਜਦੋਂ ਇੰਦਰਾ ਗਾਂਧੀ ਦੀ ਹਤਿਆ ਹੁੰਦੀ ਹੈ ਤਾਂ ਉਹ ਭੁਲ ਜਾਂਦੇ ਹਨ ਕਿ ਇਸ ਤੋਂ ਪਹਿਲਾਂ ਅਕਾਲ ਤਖ਼ਤ ਉਸਦੇ ਹੁਕਮਾਂ ਨਾਲ ਢਹਿ ਚੁੱਕਾ ਸੀ। ਇਕ ਫਿਰਕੇ ਦੇ ਨੌਜਵਾਨਾਂ ਉਤੇ ਅਕਹਿ ਜ਼ੁਲਮ ਢਾਇਆ ਜਾ ਚੁਕਿਆ ਸੀ। ਜਦੋਂ ਦਿਲੀ ਵਿਚ ਇਕ ਫਿਰਕੇ ਦਾ ਕਤਲੇਆਮ ਕੀਤਾ ਗਿਆ ਤਾਂ ਇਹ ਭੁਲਾ ਦਿਤਾ ਗਿਆ ਸੀ ਕਿ ਇੰਦਰਾਗਾਂਧੀ ਦੀ ਹੱਤਿਆ ਤੇ ਖੁਸ਼ੀ ਮਨਾਈ ਗਈ ਸੀ। ਲੋਕਾਂ ਦੀ ਆਦਤ ਹੈ ਕਿ ਅਪਣੀ ਧਿਰ ਉਤੇ ਹੋਏ ਹਰ ਜ਼ੁਲਮ ਅਤੇ ਅਤਿਆਚਾਰ ਨੂੰ ਯਾਦ ਰਖਦੇ ਹਨ ਪਰ ਅਪਣੇ ਤੋਂ ਵਿਰੋਧੀ ਧਿਰ ਉਤੇ ਜੋ ਜ਼ੁਲਮ ਜਬਰ ਹੋਇਆ ਹੁੰਦਾ ਹੈ, ਉਹਨੂੰ ਭੁਲ ਜਾਂਦੇ ਹਨ (ਵਕਫਾ) ਪਰ ਮੈਂ ਜੋ ਦਾਸਤਾਨ ਕਾਲੇ ਹਾਸ਼ੀਏ ਵਿਚ, ਕਾਲੀ ਸਿਆਹੀ ਨਾਲ, ਕਾਲੇ ਅਤੇ ਵਡੇ ਅਖਰਾਂ ਵਿਚ ਲਿਖ ਰਿਹਾ ਹਾਂ, ਉਹ ਉਹਨਾਂ ਨਿਰਦੋਸ਼ ਹਿੰਦੂਆਂ ਨੂੰ ਵੀ ਯਾਦ ਰਖੇਗੀ ਜੋ ਬਸ ਵਿਚੋਂ ਕੱਢਕੇ ਮਾਰੇ ਗਏ, ਮੈਂ ਉਹਨਾਂ ਸਿਖ ਨੌਜਵਾਨਾਂ ਨੂੰ ਵੀ ਯਾਦ ਰਖਾਂਗਾ ਜੋ ਨਹਿਰ ਦੇ ਕੰਢਿਆਂ ਤੇ ਮੁਕਾਬਲਿਆਂ ਵਿਚ ਮਾਰੇ ਗਏ ਮੈਂ ਉਹਨਾਂ ਹਿੰਦੂ ਮਾਂਵਾਂ ਨੂੰ ਵੀ ਯਾਦ ਰਖਾਂਗਾ, ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਉਹਨਾਂ ਦੇ ਲਾਲਾਂ ਨੂੰ ਗੋਲੀ ਨਾਲ ਉਡਾਇਆ ਗਿਆ। ਮੈਂ ਦਿਲੀ ਦੀਆਂ ਉਹਨਾਂ ਸਿਖ ਸੁਆਣੀਆਂ ਨੂੰ ਵੀ ਯਾਦ ਰਖਾਂਗਾ ਜਿਨ੍ਹਾਂ ਦੇ ਸਾਹਮਣੇ ਉਹਨਾਂ ਦੇ ਘਰ ਵਾਲਿਆਂ ਨੂੰ, ਉਹਨਾਂ ਦੇ ਬੱਚਿਆਂ ਨੂੰ, ਉਹਨਾਂ ਦੇ ਭਰਾਵਾਂ ਨੂੰ, ਉਹਨਾਂ ਦੇ ਬੁਜ਼ਰਗਾਂ ਨੂੰ ਤੇਲ ਪਾਕੇ ਜੀ ਦੇ ਸਾੜਿਆ ਗਿਆ। ਮੈਂ ਦਾਸਤਾਨ ਲਿਖਣ ਵੇਲੇ ਸਭ ਨੂੰ ਯਾਦ ਰਖਾਂਗਾ ਤੇ ਕਾਤਲਾਂ ਉਤੇ ਇਲਜ਼ਾਮ ਦੀ ਉਂਗਲ ਵੀ ਰਖਾਂਗਾ।

(ਸਾਰਿਆਂ ਵਲ ਵੇਖਦਾ ਹੈ, ਉਹ ਘਬਰਾਂਦੇ ਹਨ)

ਇਕ : ਪਰ ਅਸੀਂ ਆਪ ਤਾਂ ਕੁਝ ਨਹੀਂ ਕੀਤਾ

ਦੋ : ਸਾਡੇ ਕੋਲੋਂ ਸਭ ਕੁਝ ਕਰਵਾਇਆ ਗਿਆ ਹੈ

ਤਿੰਨ : ਅਸੀਂ ਤਾਂ ਅਪਣੇ ਆਗੂਆਂ ਦੇ ਫੈਸਲੇ ਨੂੰ ਸਿਰੇ ਚੜ੍ਹਾਇਆ ਹੈ।

ਚਾਰ : ਅਸੀਂ ਤਾਂ ਸਿਰਫ ਹੁਕਮ ਦੀ ਹੀ ਪਾਲਨਾ ਕੀਤੀ ਹੈ।

ਬੁੱਢਾ : ਇਸੇ ਲਈ ਮੈਂ ਕਿਸੇ ਨੂੰ ਨਹੀਂ ਛੱਡਿਆ ਭਾਵੇਂ ਉਹ ਕਿੰਨੀ ਹੀ ਵੱਡੀ ਕੁਰਸੀ ਦਾ ਮਾਲਕ ਹੈ। ਇਹ ਨਾਂਅ ਪੜ੍ਹੋ। (ਉਹ ਝਿੱਜਕਦੇ ਹਨ) ਪੜ੍ਹੋ, ਨੀਵੇਂ ਹੋ ਕੇ ਪੜ੍ਹੋ।

ਇਕ : ਜ਼ੈਲ ਸਿੰਘ ਗਿਆਨੀ

ਬੁੱਢਾ : ਦਲ ਖਾਲਸਾ ਦਾ ਬਾਨੀ, ਅਕਾਲੀਆਂ ਨੂੰ ਹਰਾਉਣਾ ਹੈ, ਮੂਲਵਾਦੀ ਬਾਬਿਆਂ ਨੂੰ ਅਪਣਾਉਣਾ ਹੈ।

ਦੋ : ਸਰਦਾਰ ਦਰਬਾਰਾ ਸਿੰਘ

ਬੁਢਾ : ਇੰਦਰਾ ਗਾਂਧੀ ਦਾ ਦਰਬਾਰੀ, ਕੁਰਸੀ ਦਾ ਵਪਾਰੀ, ਏਸ਼ੀਆਡ ਵੇਲੇ ਹੋਣ ਲਗੀ ਸੀ ਸੁਲਾ, ਸਫਾਈ, ਇਹਨੇ ਜਾ ਟੰਗ ਅੜਾਈ।

ਤਿੰਨ : ਸ੍ਰੀ ਮਤੀ ਇੰਦਰਾ ਗਾਂਧੀ

ਬੁਢਾ : ਇਕ ਜ਼ਿਦੀ ਔਰਤ, ਉਹਦੀ ਸਿਆਸਤ ਦੀ ਇਕੋ ਕਰਾਮਾਤ ਪਿਆਰੀ ਸੀ ਉਸਨੂੰ ਆਪਣੀ ਜ਼ਾਤ।

ਚਾਰ : ਸੰਤ ਜਰਨੈਲ ਸਿੰਘ ਭਿੰਡਰਾਂਵਾਲਾ

ਬੁੱਢਾ : ਅੱਗ ਉਗਲਨ ਵਾਲਾ, ਅੱਗ ਦਾ ਖਿਡਾਰੀ, ਉਸਦੀ ਖੇਡ ਹਾਲੀ ਵੀ ਜਾਰੀ

ਇਕ : ਸੰਤ ਹਰਚੰਦ ਸਿੰਘ ਲੌਂਗੋਵਾਲ

ਬੁੱਢਾ : ਠੁੱਸ ਮੋਰਚਿਆਂ ਦਾ ਜਰਨੈਲ। ਸਮਝੌਤਾ ਐਸਾ ਕੀਤਾ, ਨਾਂ ਕੁਝ ਦਿਤਾ ਨਾਂ ਕੁਝ ਲੀਤਾ

ਦੋ : ਸ੍ਰੀ ਰਾਜੀਵ ਗਾਂਧੀ

ਬੁੱਢਾ : ਰਾਜਸੀ ਸੂਝ ਤੋਂ ਕੋਰਾ, ਬਸ ਰੰਗ ਹੀ ਹੈ ਗੋਰਾ, ਫਿਕਰ ਨਹੀਂ ਉਸਨੂੰ ਪੰਜਾਬ ਦਾ, ਫਿਕਰ ਹੈ ਉਸਨੂੰ ਅਮਿਤਾਬ ਦਾ,

ਤਿੰਨ : ਸੁਰਜੀਤ ਸਿੰਘ ਬਰਨਾਲਾ

ਬੁੱਢਾ : ਆ ਉਥੇ ਹੀ ਗਿਆ ਜਿਥੇ ਪਹਿਲੇ ਸੀ ਵਗਦਾ ਪਰਨਾਲਾ।

ਚਾਰ : ਸਰਦਾਰ ਬਲਵੰਤ ਸਿੰਘ

ਬੁੱਢਾ : ਇਕ ਚਾਲਾਕ ਸਿਆਸਤਦਾਨ, ਜੇਲ ਜਾਣ ਵੇਲੇ ਇੰਗਲਸਤਾਨ, ਕੁਰਸੀ ਸਾਂਭਨ ਵੇਲੇ ਹਿੰਦੋਸਤਾਨ

ਇਕ : ਹਰ ਕਿਸ਼ਨ ਲਾਲ ਭਗਤ

ਕਾਤਲਾਂ ਦਾ ਗੁਰੂ ਘੰਟਾਲ, ਬੈਠਾ ਹੈ ਕੁਰਸੀ ਸੰਭਾਲ ਮਿਸ਼ਰਾ ਕਮਿਸ਼ਨ ਕੀਤਾ ਹੈ ਬਰੀ, ਪਰ ਵਡੀ ਲੋਕਾਂ ਦੀ ਕਚੇਹਰੀ ਲੋਕ ਕਹਿਰ ਤੋਂ ਨਹੀਂ ਬਚੇਗਾ, ਕਰਨੀ ਆਪਣੀ ਭੁਗਤੇਗਾ।

ਇਕ : ਗਿਆਨੀ ਕ੍ਰਿਪਾਲ ਸਿੰਘ, ਸਿੰਘ ਸਾਹਬ

ਬੁੱਢਾ : ਕੋਠਾ ਸਾਹਿਬ ਹੈ ਠੀਕ ਠਾਕ

ਦੋ : ਆਪੇ ਥਾਪੇ ਹੋਏ ਕਈ ਜਰਨੈਲ

ਬੁੱਢਾ : ਇਹਨਾਂ ਦਾ ਬੜਾ ਹੈ ਨਾਂਮ, ਸਿਰਾਂ ਤੇ ਵਡੇ ਵਡੇ ਇਨਾਮ, ਕਹਿੰਦੇ ਦਿਲੀ ਨਾਲ ਸਾਡੀ ਜੰਗ, ਖਰੇ ਮਾਰਨ ਔਰਤਾਂ, ਮਾਰਨ ਬਚੇ, ਮਾਰਨ ਭਈਏ, ਨਹੀਂ ਇਹਨਾਂ ਨੂੰ ਕੋਈ ਸੰਗ।

ਤਿੰਨ : ਸਿੰਘ ਸਾਹਬ ਰਾਗੀ ਦਰਸ਼ਨ ਸਿੰਘ

ਬੁੱਢਾ : ਜਾਇਜ਼ ਹੈ ਇਹਨਾਂ ਦਾ ਫ਼ਿਕਰ, ਜੇ ਮਰਦੇ ਸਿਖ ਨੌਜਵਾਨ, ਪਰ ਭੁਲ ਜਾਂਦੇ ਜੋ ਮਰਦੇ ਹਿੰਦੂ ਉਹ ਵੀ ਨੇ ਇਨਸਾਨ।

ਚਾਰ : ਸ. ਬੂਟਾ ਸਿੰਘ, ਗ੍ਰਹਿ ਮੰਤਰੀ

ਬੁੱਢਾ : ਮਸ਼ਹੂਰੀ ਇਸਦੀ ਚਾਰੇ ਕੂਟ, ਬੁਲਵਾ ਲਓ ਜਿਨ੍ਹਾਂ ਮਰਜ਼ੀ ਝੂਠ

ਇਕ : ਲਿਖੇ ਨੇ ਤੂੰ ਵਡੇ ਵਡੇ ਨਾਮ।

ਦੋ : ਲਗਦੈ ਪਿਆਰੀ ਨਹੀਂ ਤੈਨੂੰ ਜਾਨ।

ਤਿੰਨ : ਆ ਗਈ ਏ ਤੇਰੀ ਜ਼ਿੰਦਗੀ ਦੀ ਸ਼ਾਮ।

ਚਾਰ : ਤਾਹੀਓਂ ਲਿਖਦੈਂ ਇਹ ਦਾਸਤਾਨ

ਬੁੱਢਾ : ਹਾਂ ਆ ਗਈ ਏ ਮੇਰੀ ਜ਼ਿੰਦਗੀ ਦੀ ਸ਼ਾਮ, ਤਾਹੀਓਂ ਤਾਂ ਲਿਖੀ ਏਹ ਦਾਸਤਾਨ, ਇਸ ਵਿਚ ਵੱਡੇ ਵੱਡੇ ਨਾਮ, ਮੇਰਾ ਹੈ ਉਹਨਾਂ ਤੇ ਇਲਜ਼ਾਮ ਇਹ ਲਿਖੀ ਹੈ ਦਾਸਤਾਨ, ਤਾਂ ਜੋ ਲੋਕ ਨਿਰਪੱਖ ਹੋ ਕੇ ਕਰਨ ਸੱਚ ਦੀ ਪਛਾਣ—

ਇਸਦੇ ਤਿੰਨ ਨੇ ਭਾਗ, ਪਹਿਲੇ ਲਿਖਿਆ ਬਲਦੇਵ ਸਿੰਘ ਨੇ 'ਕੀ ਪੁੱਤਰਾਂ ਦਾ ਮਾਨ', ਦੂਜਾ ਲਿਖਿਆ ਦਲਬੀਰ ਚੇਤਨ ਨੇ 'ਧਰਮ ਯੁੱਧ ਜਾਰੀ ਹੈ' ਰਾਖ ਕੀਤੀ ਜਿਸਨੇ ਧਰਤੀ ਸਾਰੀ ਹੈ' ਤੀਜਾ 'ਖ਼ਬਰ ਛਪਣ ਤਕ' ਲਿਖਿਆ ਦਰਸ਼ਨ ਦਰਵੇਸ਼ ਨੇ ਤੇ ਇਹੋ ਭਾਗ ਤੁਹਾਡੇ ਸਾਹਮਣੇ ਪੇਸ਼ ਨੇ,

ਹਟਾ ਲਵੋ ਇਹਨਾਂ ਸੰਗੀਨਾਂ ਨੂੰ ਮੇਰੇ ਲੋਕਾਂ ਨੂੰ ਇਹਦੀ ਲੋੜ ਨੀਂ, ਬਹੁਤ ਡੁਲ ਚੁੱਕਾ ਹੈ ਲਹੂ ਜਜ਼ਬ ਕਰ ਸਕਦੀ ਧਰਤੀ ਹੁਣ ਹੋਰ ਨਹੀਂ,

ਉਹ ਚਾਰੇ ਹੌਲੇ ਹੌਲੇ ਪਿਛੇ ਹਟਦੇ ਹਨ ਤੇ ਬੁਜ਼ਰਗ ਵੀ ਹੌਲੇ ਹੌਲੇ ਪਿਛੇ ਹੱਟਦਾ ਹੈ। ਪਿਛਲੇ ਬੋਲ-ਗੀਤ ਦੀ ਲੈਅ ਵਿਚ ਪਿਠਭੂਮੀ ਤੋਂ ਬੋਲੇ ਜਾਂਦੇ ਹਨ (ਫੇਡ ਆਊਟ)

ਰੌਸ਼ਨੀ ਹੋਣ ਤੇ ਇਕ ਪਿੰਡ ਦਾ ਘਰ, ਮਹਿੰਦਰ ਕੌਰ ਇਕ ਪਾਸੇ ਖੜੀ ਹੈ। ਥਾਨੇਦਾਰ, ਸਿਪਾਹੀ, ਤੇ ਸਰਪੰਚ ਉਸ ਨਾਲ ਗੱਲਾਂ ਕਰ ਰਹੇ ਹਨ.

ਥਾਨੇਦਾਰ : ਦੇਖ ਬੀਬੀ, ਮੁੰਡੇ ਨੂੰ ਕਲ੍ਹ ਤੱਕ ਥਾਨੇ ਪੇਸ਼ ਹੋ ਜਾਣਾ ਚਾਹੀਦਾ ਹੈ।

ਮਹਿੰਦਰ ਕੌਰ : ਪਰ ਥਾਨੇਦਾਰ ਸਾਹਿਬ, ਉਹਦਾ ਕਸੂਰ ਕੀ ਏ ?

ਥਾਨੇਦਾਰ : ਕਸੂਰ ਇਹ ਵੇ ਕਿ ਪਰਸੋਂ ਜਿਹੜਾ ਪੁੱਲ ਦੇ ਬੈਂਕ ਤੇ ਡਾਕਾ ਪਿਆ ਏ, ਉਹਦੇ ਵਿਚ ਮਹਿੰਦਰ ਦਾ ਹੱਥ ਏ ਜਿਹੜੀ ਗੋਲੀ ਮੰਡੀ ਵਿਚ ਚਲੀ ਏ, ਉਹ ਵੀ ਤੇਰੇ ਮੁੰਡੇ ਨੇ ਚਲਾਈ ਏ।

ਮਹਿੰਦਰ ਕੌਰ : ਪਰ ਮੇਰਾ ਮਹਿੰਦਰ ਤਾਂ ਨਹੀਂ, ਇਹੋ ਜਿਹੇ ਕੰਮ ਕਰਨ ਵਾਲਾ।

ਥਾਨੇਦਾਰ : ਮਾਂਵਾਂ ਨੂੰ ਨਹੀਂ ਪਤਾ ਹੁੰਦਾ ਕਿ ਉਹਨਾਂ ਦੇ

ਪੁੱਤਰ ਕੀ ਕੀ ਕੰਮ ਕਰ ਰਹੇ ਨੇ (ਸਰਪੰਚ ਨੂੰ) ਸਰਪੰਚ ਸਾਹਿਬ ਇਹ ਸਭ ਕੁਝ ਤੁਹਾਡੇ ਸਾਹਮਣੇ ਇਸ ਬੀਬੀ ਨੂੰ ਕਹਿ ਰਿਹਾ ਹਾਂ। ਪਿੰਡ ਦੇ ਲੋਕ ਪਿਛੋਂ ਰੌਲਾ ਪਾਉਂਦੇ ਨੇ ਕਿ ਪੁਲਸ ਨੇ ਜ਼ਿਆ-ਦਤੀ ਕੀਤੀ ਏ। ਅਸੀਂ ਉਸ ਮੁੰਡੇ ਨੂੰ ਫੜਨਾ ਜ਼ਰੂਰ ਏ। ਬਾਅਦ ਵਿਚ ਕੀ ਹੋਵੇ, ਇਸ ਦਾ ਸਾਨੂੰ ਕੋਈ ਪਤਾ ਨਹੀਂ। ਅਸਲ ਵਿਚ ਸਾਨੂੰ ਪਤਾ ਹੀ ਨਹੀਂ ਹੁੰਦਾ ਕਿ ਬਾਅਦ ਵਿਚ ਕੀ ਹੁੰਦਾ ਏ।

ਸਰਪੰਚ : ਜਨਾਬ ਇਹ ਕੱਲੀਕਾਰੀ ਤੀਵੀ ਏ। ਮੁੰਡੇ ਦੇ ਪਿਓ ਦਾ ਸਹਾਰਾ ਸਿਰ ਤੇ ਨਹੀਂ, ਸਾਰਾ ਖਿਆਲ ਤੁਸੀਂ ਹੀ ਰੱਖਣਾ ਏ।

ਥਾਨੇਦਾਰ : ਪਿਓ ਦਾ ਸਹਾਰਾ ਸਿਰ ਤੇ ਨਹੀਂ, ਇਸੇ ਲਈ ਮੁੰਡਾ ਬੇਮੁਹਾਰਾ ਹੋ ਗਿਆ ਲਗਦੈ।

ਮਹਿੰਦਰ ਕੌਰ : ਸਰਪੰਚ ਜੀ, ਤੁਸੀਂ ਤਾਂ ਇਹਦੇ ਬਾਪੂ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਸੀ, ਮੁੰਡਾ ਵੀ ਤੁਹਾਡੇ ਹੱਥਾਂ ਵਿਚ ਪਲਿਆ ਏ, ਉਹ ਕਿਹੋ ਜਿਹਾ ਏ, ਇਹ ਤਾਂ ਤੁਹਾਨੂੰ ਵੀ ਸਾਰਾ ਪਤਾ ਏ, ਹੁਣ ਮੇਰਾ ਗਰੀਬਨੀ ਦਾ ਸਹਾਰਾ ਤੁਸੀਂ ਹੋ।

ਸਰਪੰਚ : ਮੈਂ ਤਾਂ ਆਪ ਕੜਿਕੀ ਵਿੱਚ ਫਸਿਆ ਹੋਇਆ ਹਾਂ, ਮਹਿੰਦਰ ਕੌਰੇ, ਕੋਈ ਆਲੇ ਦੁਆਲੇ ਵਾਰਦਾਤ ਹੋ ਜਾਏ, ਸਰਪੰਚ ਨੂੰ ਘੜੀਸੀ ਫਿਰਨਗੇ ਕਿ ਮੁੰਡੇ ਹਾਜ਼ਰ ਕਰੋ, ਜਿਸ ਤਰ੍ਹਾਂ ਮੁੰਡੇ ਸਾਡੇ ਕਹੇ ਵਿਚ ਨੇ। ਮੇਰਾ ਆਪਣਾ ਮੁੰਡਾ ਮੇਰੇ ਆਪਣੇ ਕਹੇ ਵਿਚ ਨਹੀਂ, ਮੈਂ ਦੂਜਿਆਂ ਦੀ ਕੀ ਗੱਲ ਕਰਨੀ ਏ। (ਥਾਨੇਦਾਰ ਨੂੰ ਸੰਬੋਧਨ ਹੋ ਕੇ) ਥਾਨੇਦਾਰ ਸਾਹਿਬ, ਮੁੰਡੇ ਸਾਡੇ ਕਹੇ ਵਿਚ ਕਿਉਂ ਨਹੀਂ, ਇਹਦੇ ਬਾਰੇ ਤੁਸੀਂ ਕਦੀ ਸੋਚਿਐ ?

ਥਾਨੇਦਾਰ : ਸਾਨੂੰ ਸੋਚਣ ਦੀ ਵਿਹਲ ਕਿਥੇ ? ਹਰ ਵੇਲੇ ਤਾਂ ਭੱਜ ਦੌੜ ਲੱਗੀ ਰਹਿੰਦੀ ਏ।

ਸਰਪੰਚ : ਪਰ ਅਸੀਂ ਪਿੰਡ ਦੇ ਲੋਕ ਸੋਚਦੇ ਹਾਂ।

ਥਾਨੇਦਾਰ : ਕੀ ਸੋਚਦੇ ਹੋ ?

ਸਰਪੰਚ : ਬਈ ਏਡੇ ਦੇਸ਼ ਦੇ ਲੀਡਰ ਨੇ, ਕਈਆਂ ਦੀਆਂ ਗਜ ਗਜ ਲੰਮੀਆਂ ਦਾੜ੍ਹੀਆਂ ਨੇ, ਕਈਆਂ ਦੇ ਸਿਰ ਗੰਜੇ ਨੇ।

ਥਾਨੇਦਾਰ : ਸਰਪੰਚ ਸਾਹਬ, ਇਹ ਲੰਮੀਆਂ ਦਾੜ੍ਹੀਆਂ, ਗੰਜੇ ਸਿਰਾਂ ਦਾ ਇਸ ਗੱਲ ਨਾਲ ਕੀ ਤੁਅਲਕ ਹੋਇਐ ?

ਸਰਪੰਚ : ਬੜਾ ਤੁਅਲਕ ਏ ਥਾਨੇਦਾਰ ਸਾਹਿਬ, ਲੰਮੀ ਦਾੜ੍ਹੀ, ਗੰਜਾ ਸਿਰ ਸਿਆਣਪ ਦੀਆਂ ਨਿਸ਼ਾਨੀਆਂ ਹੁੰਦੀਆਂ ਨੇ। ਇਹ ਲੋਕ ਮਸਲੇ ਦਾ ਹੱਲ ਕਿਉਂ ਨਹੀਂ ਲੱਭਦੇ ਤਾਂ ਜੋ ਸਭ ਚੈਨ ਹੋ ਸਕੇ। ਨਾ ਮੁੰਡਿਆਂ ਨੂੰ ਘਰੋਂ ਭੱਜਣਾ ਪਵੇ ਤੇ ਨਾ ਤੁਹਾਨੂੰ ਬਾਹਰ ਲੱਭਣਾ ਪਵੇ। ਮਾਵਾਂ ਚੈਨ ਨਾਲ ਸੌਂ ਸਕਣ। ਪੁੱਤਰਾਂ ਦਾ ਫਿਕਰ ਉਹਨਾਂ ਨੂੰ ਨਾ ਖਾਵੇ।

ਥਾਨੇਦਾਰ : ਗੱਲ ਤਾਂ ਤੁਹਾਡੀ ਠੀਕ ਏ, ਪਰ ਜਦੋਂ ਤਕ ਉਹ ਠੀਕ ਨਹੀਂ ਹੁੰਦਾ, ਮੈਨੂੰ ਮੁੰਡੇ ਨੂੰ ਫੜਨਾ ਹੀ ਪੈਣਾ ਏ।

ਮਹਿੰਦਰ ਕੌਰ : ਉਹ ਘਰ ਆਇਆ ਤਾਂ ਮੈਂ ਆਪ ਉਹਨੂੰ ਲੈ ਕੇ ਆ ਜਾਵਾਂਗੀ।

ਥਾਨੇਦਾਰ : ਆਪ ਕਿਉਂ ਤਕਲੀਫ ਕਰੇਂਗੀ ਬੀਬੀ, ਸਰਪੰਚ ਸਾਹਬ ਲੈ ਕੇ ਆ ਜਾਣਗੇ।

(ਸਰਪੰਚ, ਥਾਨੇਦਾਰ, ਸਿਪਾਹੀ ਜਾਂਦੇ ਹਨ, ਮਹਿੰਦਰ ਕੌਰ ਉਦਾਸ ਹੈ, ਕਦੀ ਬਾਹਰ ਵੱਲ ਵੇਖਦੀ ਹੈ, ਫੇਰ ਵਾਪਸ ਆਂਦੀ ਹੈ, ਉਹਦਾ ਮੰਨ ਨਹੀਂ ਟਿਕ ਰਿਹਾ)

ਪਿਠ ਭੂਮੀ : ਕੀ ਪੁਤਰਾਂ ਦਾ ਮਾਨ,
ਮਾਨ ਇਹ ਕੌਣ ਕਰੇ
ਮਾਵਾਂ ਠੰਡੀਆਂ ਛਾਂਵਾਂ
ਛਾਵਾਂ ਕੌਣ ਕਰੇ

(ਉਦਾਸ ਸੰਗੀਤ ਦੀ ਲੈਅ ਹੈ) ਮਹਿੰਦਰ ਬਾਹਰੋਂ ਆਂਦਾ ਹੈ ਬੀਬੀ ਉਸ ਵਲ ਪਹਿਲੇ ਮੋਹ ਨਾਲ ਤੇ ਫੇਰ ਬਨਾਵਟੀ ਗੁੱਸੇ ਨਾਲ ਵੇਖਦੀ ਹੈ)

ਮਹਿੰਦਰ : ਬੀਬੀ ਉਦਾਸ ਕਿਉਂ ਬੈਠੀ ਏਂ ?

ਮਹਿੰਦਰ ਕੌਰ : ਗੁਸੇ ਨਾਲ) ਇਹਨਾਂ ਲੱਭਣਾਂ ਨੂੰ ਅੱਧੀ ਅੱਧੀ ਰਾਤ ਫਿਰਦਾ ਰਹਿਣੈ ਬਾਹਰ, ਇਹਦੇ ਨਾਲੋਂ ਚੰਗਾ ਸੀ, ਖੇਤਾਂ ਵਿਚ ਨੂਰੜਿਆ ਹੁੰਦਾ।

ਮਹਿੰਦਰ : ਬੀਬੀ, ਗੱਲ ਕੀ ਹੋਈ ਏ ?

ਮਹਿੰਦਰ ਕੌਰ : ਤੇਰੇ ਲਗਦੇ ਪੁਲਸ ਆਲੇ ਆਏ ਸੀ ਅੱਜ।

ਮਹਿੰਦਰ : ਮੈਨੂੰ ਪਤਾ ਸੀ, ਉਹ ਆਉਣਗੇ

ਮਹਿੰਦਰ ਕੌਰ : ਆਉਣਗੇ ਨਾ, ਹੁਣ ਤਾਂ ਮੇਰਾ ਪੁੱਤਰ ਜੱਗਾ ਡਾਕੂ ਬਣਿਆ ਫਿਰਦੈ।

ਮਹਿੰਦਰ : ਡਾਕੂ ?

ਮਹਿੰਦਰ ਕੌਰ : ਜਿਹੜਾ ਪੁਲ ਤੇ ਡਾਕਾ ਪਿਆ ਸੀ, ਆਂਹਦੇ ਸੀ ਤੂੰ ਨਾਲ ਸੀ; ਨਾਲੇ ਜਿਹੜੀ ਮੰਡੀ ਗੋਲੀ ਚੱਲੀ ਸੀ, ਉਸ ਵਿਚ ਵੀ ਤੇਰਾ ਨਾ ਲੈਂਦੇ ਸੀ।

ਮਹਿੰਦਰ : ਬੀਬੀ, ਇਹ ਸਭ ਝੂਠ ਏ।

ਮਹਿੰਦਰ ਕੌਰ : ਫੇਰ ਸੱਚ ਕੀ ਏ ?

ਮਹਿੰਦਰ : ਬੀਬੀ ਸਾਡੇ ਕਾਲਜ 'ਚ ਹੜਤਾਲ ਹੋਣ ਆਲੀ ਐ। ਸਾਡੀਆਂ ਮੰਗਾਂ ਨੂੰ ਲੈ ਕੇ ਅਸੀਂ ਰਸਤੇ ਵੀ ਰੋਕਣੇ ਨੇ, ਧਰਨੇ ਵੀ ਦੇਣੇ ਨੇ। ਸਾਡੇ ਕਾਲਜ ਦੇ ਚਾਰ ਮੁੰਡੇ ਫੜੇ ਆ। ਸਾਨੂੰ ਡਰ ਹੈ ਕਿ ਉਹਨਾਂ

ਉਤੇ ਝੂਠੇ ਕੇਸ ਨਾ ਪਾ ਦੇਣ ਤੇ ਜਿਸ ਤਰ੍ਹਾਂ ਦੀ ਹਵਾ ਚੱਲ ਰਹੀ ਏ, ਝੂਠੇ ਮੁਕਾਬਲੇ ਵੀ ਪਾ ਸਕਦੇ ਨੇ।

ਮਹਿੰਦਰ ਕੌਰ : ਨਾ ਪੁੱਤ ਇਹੋ ਜਿਹੀਆਂ ਗੱਲਾਂ ਮੂੰਹੋਂ ਨਹੀ ਕੱਢੀਆਂ, ਭਲਾ ਉਹ ਕਿਉਂ ਝੂਠੇ ਮੁਕਾਬਲੇ ਪਾਉਣਗੇ।

ਮਹਿੰਦਰ : ਉਹਨਾਂ ਨੂੰ ਤਰੱਕੀਆਂ ਮਿਲਦੀਆਂ ਨੇ ਏਸ ਕੰਮ ਲਈ।

ਮਹਿੰਦਰ ਕੌਰ : (ਡਰਕੇ) ਪੁੱਤ ਹੁਣ ਕੀ ਹੋਊ ?

ਮਹਿੰਦਰ : ਹੋਣਾ ਕੀ ਏ ਬੀਬੀ, ਜੇ ਉਹ ਲੱਭਣ ਆਏ ਨੇ, ਫੇਰ ਵੀ ਆਉਣਗੇ, ਹੁਣ ਉਹਨਾਂ ਦੇ ਵਕਾਰ ਦਾ ਸਵਾਲ ਏ। ਕਿਵੇਂ ਨਾ ਕਿਵੇਂ ਉਹ ਮੈਨੂੰ ਫਸਾਉਣਗੇ ਮੇਰੇ ਵਿਰੁੱਧ ਕੇਸ ਤਾਂ ਬਣਾਈ ਹੀ ਫਿਰਦੇ ਨੇ। ਜੇ ਫੜੇ ਗਏ ਤਾਂ ਕਿਸੇ ਬਸ ਕਾਂਡ ਵਿਚ ਸਾਨੂੰ ਘੜੀਸ ਲੈਣੈ। ਹੁਣ ਤਾਂ ਆਪ ਪੇਸ਼ ਹੋ ਕੇ ਸਫਾਈ ਦੇਣ ਨਾਲ ਵੀ ਸਾਡੀ ਕਿਸੇ ਨੇ ਸੁਣਨੀ ਨੀ।

ਮਹਿੰਦਰ ਕੌਰ : ਪਰ ਪੁਤਰਾ ਉਹ ਕੌਣ ਨੇ, ਜਿਹੜੇ ਡਾਕੇ ਮਾਰਦੇ ਨੇ, ਬੱਸਾਂ ਵਿਚ ਨਿਰਦੋਸ਼ ਲੋਕਾਂ ਨੂੰ ਕੱਢ ਕੇ ਮਾਰਦੇ ਨੇ ? ਤੈਨੂੰ ਤਾਂ ਪਤਾ ਹੋਣੈ।

ਮਹਿੰਦਰ : ਬੀਬੀ ਕੋਈ ਪਤਾ ਨਹੀਂ ਲੱਗਦਾ। ਕਾਲਜ ਵਿਚ ਰੋਜ਼ ਗੱਲਾਂ ਹੁੰਦੀਆਂ ਨੇ। ਇਹ ਤਾਂ ਕੋਈ ਬੜੀ ਡੂੰਘੀ ਖੇਡ ਏ। ਕੌਣ ਕੌਣ ਉਹਨਾਂ ਨਾਲ ਨੇ, ਕੋਈ ਨਹੀਂ ਜਾਣਦਾ। ਬੱਸ ਸੁਣੀਆਂ ਸੁਣਾਈਆਂ ਗੱਲਾਂ ਹੀ ਨੇ। ਸਾਨੂੰ ਤਾਂ ਫਿਕਰ ਆਪਣੇ ਉਹਨਾਂ ਚਾਰ ਸਾਥੀਆਂ ਦਾ ਹੈ।

ਮਹਿੰਦਰ ਕੌਰ : ਤੂੰ ਇਹਨਾਂ ਕੰਮਾਂ ਤੋਂ ਕੀ ਲੈਣੈ। ਸਾਨੂੰ ਨਹੀਂ ਲੋੜ, ਘਰੇ ਬੈਠਾ ਰਹਿ ਰਾਮ ਨਾਲ।

ਮਹਿੰਦਰ : ਸੋਚ ਬੀਬੀ, ਜੇ ਕੱਲ੍ਹ ਨੂੰ ਮੈਂ ਫੜਿਆ ਗਿਆ ਤੇ ਬਾਕੀ ਮੁੰਡੇ ਸੋਚਣ, ਸਾਨੂੰ ਕੀ ?...ਫਰ।

ਮਹਿੰਦਰ ਕੌਰ : ਇਹ ਤਾਂ ਮਾੜੀ ਗੱਲ ਐ।

ਮਹਿੰਦਰ : ਜਿੰਨਾ ਚਿਰ ਬੀਬੀ, ਅਸੀਂ ਸਾਰੇ ਰਲਕੇ ਕੁਝ ਨਹੀਂ ਕਰਦੇ, ਉਨਾ ਚਿਰ ਕੋਈ ਬਚਾਅ ਨਹੀਂ।

(ਬਾਹਰ ਜਾਣ ਲਈ ਉੱਠਦਾ ਹੈ)

ਮਹਿੰਦਰ ਕੌਰ : ਪਰ ਹੁਣ ਤੁਰ ਕਿਥੇ ਪਿਆ ਏਂ ?

ਮਹਿੰਦਰ : ਰਮੇਸ਼ ਤੇ ਮੋਹਣ ਨੂੰ ਵੀ ਖ਼ਬਰ ਕਰਾਂ,

ਮਹਿੰਦਰ ਕੌਰ : ਪਰ ਉਹ ਤਾਂ ਖੱਤਰੀਆ ਦੇ ਮੁੰਡੇ ਨੇ ਉਹਨਾਂ ਨੂੰ ਕਾਹਦਾ ਡਰ ?

ਮਹਿੰਦਰ : ਬੀਬੀ ਸਾਡੇ ਵਿਚ ਤਾਂ ਕੋਈ ਫਰਕ ਨਹੀਂ (ਜਾਂਦਾ ਹੈ)

ਮਹਿੰਦਰ ਕੌਰ : (ਅਪਣੀ ਸੋਚ ਵਿਚ ਡੁੱਬੀ) ਫੇਰ ਫ਼ਰਕ ਕਿਥੇ ਏ ? ਮੈਂ ਨਿਮਾਣੀ ਕੀ ਜਾਣਾ ? ਉਹ ਕਹਿੰਦੇ ਨੇ ਮੁੰਡੇ ਹਿੰਦੂ ਮੁਸਾਫਰਾਂ ਨੂੰ ਬਸਾਂ ਵਿਚੋਂ ਕਢਕੇ ਮਾਰਦੇ ਨੇ। ਤੇ ਇਹ ਚੱਲਿਆ ਗਿਆ ਹੈ ਮੋਹਣ ਅਤੇ ਰਕੇਸ਼ ਨੂੰ ਖਬਰ ਕਰਨ! ਇਹੋ ਪਤਾ ਨਹੀਂ ਕੀ ਹੋ ਰਿਹਾ ਏ ? ਇਹ ਅੱਗ ਕਿਉਂ ਲਗੀ ਏ ?

(ਉਹ ਫੇਰ ਉਦਾਸ ਬੈਠ ਜਾਂਦੀ ਹੈ। ਪਿੱਠ ਭੂਮੀ ਤੇ ਗੀਤ ਦੇ ਬੋਲ ਉਚੇ ਹੁੰਦੇ ਹਨ)

ਪਿਠਭੂਮੀ : ਕਿਉਂ ਲਗੀ ਹੈ ਅੱਗ, ਕੌਣ ਏਹ ਜਾਣੇ
ਬੁੱਝੇ ਕਿਵੇਂ ਇਹ ਅੱਗ, ਕੌਣ ਇਹ ਜਾਣੇ
ਸਭ ਕੁਝ ਇਥੇ ਸੜ ਜਾਏਗਾ
ਸਭ ਕੁਝ ਇਥੇ ਝੁਲਸ ਜਾਏਗਾ
ਕਿਉ ਲੱਗੀ ਹੈ ਅੱਗ, ਕੌਣ ਇਹ ਜਾਣੇ।

(ਸਮਾਂ ਲੰਘਣ ਦਾ ਸੰਗੀਤ)

(ਸਿਪਾਹੀ ਆਉਂਦਾ ਹੈ, ਉਹਦੇ ਹੱਥ ਵਿਚ ਚਿੱਠੀ ਹੈ)

ਮਹਿੰਦਰ ਕੌਰ : (ਉਹਦੇ ਵਲ ਵੇਖਕੇ) ਹੁਣ ਕਿਉਂ ਆਇਆ ਏਂ ? ਜਿਨੂੰ ਲੈਣ ਆਏ ਰਹੇ ਹੋ, ਉਹ ਤਾਂ ਪੰਜ ਦਿਨਾਂ ਦਾ ਤੁਹਾਡੇ ਕੋਲ ਏ।

ਸਿਪਾਹੀ : ਨਹੀਂ ਬੀਬੀ, ਉਹ ਸਾਡੇ ਕੋਲ ਨਹੀਂ।

ਮਹਿੰਦਰ ਕੌਰ : ਫੇਰ ਕਿਥੇ ਏ ?

ਸਿਪਾਹੀ : ਕੋਈ ਨਹੀਂ ਕਹਿ ਸਕਦਾ। ਤੈਨੂੰ ਥਾਨੇ ਬੁਲਾਇਆ ਏ। ਪਿੰਡ ਵਾਲੇ ਬੰਦੇ ਵੀ ਕੁਝ ਬੁਲਾਏ ਨੇ। ਇਕ ਲਾਸ਼ ਦੀ ਸ਼ਨਾਖਤ ਕਰਨੀ ਏ। ਰਾਤੀਂ ਨਾਕੇ ਉਤੇ ਉਹ ਮੁਕਾਬਲੇ ਤੇ ਮਾਰਿਆ ਗਿਆ ਏ। ਉਹਦਾ ਸਾਥੀ ਜਿਸਦਾ ਨਾ ਰਕੇਸ਼ ਦਸਿਆਂ ਜਾਂਦਾ ਏ, ਲਾਪਤਾ ਹੈ। (ਰੁਕਕਾ) ਬੀਬੀ ਇਹ ਚਿੱਠੀ ਫੜ ਲੈ! ਇਸ ਵਿਚ ਸਭ ਕੁਝ ਲਿਖਿਆ ਹੈ।

(ਚਿੱਠੀ ਫੜਾਕੇ ਜਾਂਦਾ ਹੈ। ਮਹਿੰਦਰ ਕੌਰ ਕੁਝ ਚਿਰ ਗੁੰਮ ਸੁੰਮ ਰਹਿੰਦੀ ਹੈ। ਚਿੱਠੀ ਉਹਦੇ ਹਥੋਂ ਡਿਗ ਪੈਂਦੀ ਹੈ।)

ਮਹਿੰਦਰ ਕੌਰ : (ਚੌਂਕ ਕੇ) ਨਹੀਂ, ਇਹ ਨਹੀਂ ਹੋ ਸਕਦਾ, ਮੇਰੇ ਮਹਿੰਦਰ ਨੂੰ ਮੇਰੇ ਕੋਲੋਂ ਕੋਈ ਨਹੀਂ ਖੋਹ ਸਕਦਾ। ਉਹ ਤਾਂ ਰਕੇਸ਼ ਦਾ ਦੋਸਤ ਏ। ...ਕੀ ਕਿਹਾ ਰਾਕੇਸ਼ ਲਾਪੱਤਾ ਏ...ਰਕੇਸ਼ ਦੀ ਮਾਂ ਤੇਰਾ ਪੁੱਤਰ ਵੀ ਲਾਪੱਤਾ ਏ ਮੇਰਾ ਪੁੱਤਰ ਵੀ ਲਾਪੱਤਾ ਏ...ਜੇ ਇਹ ਸਭ ਕੁਝ ਇਸ ਤਰ੍ਹਾਂ ਚਲਦਾ ਰਿਹਾ ਤਾਂ ਇਕ ਦਿਨ ਐਸਾ ਆਵੇਗਾ, ਪੰਜਾਬ ਦੀ ਹਰ ਮਾਂ ਦਾ ਪੁੱਤਰ ਲਾਪਤਾ ਹੋ ਜਾਏਗਾ ..

(ਪਿੱਠ ਭੂਮੀ ਤੇ ਫੇਰ ਗੀਤ ਦੇ ਬੋਲ ਉੱਚੇ ਹੁੰਦੇ ਹਨ—ਕਿਉਂ ਲਗੀ ਹੈ ਅੱਗ, ਕੌਣ ਇਹ ਜਾਣੇ ਸਭ ਕੁਝ ਇਥੇ ਸੜ ਜਾਏਗਾ... ਸਭ ਕੁਝ ਇਥੇ ਝੁਲਸ ਜਾਏਗਾ...

(ਫੇਡ ਆਊਟ)

(ਬਾਹਰ ਤੋਂ ਦੋ ਆਵਾਜ਼ਾਂ ਆਂਦੀਆਂ ਹਨ, ਜਿਸ ਤਰ੍ਹਾਂ ਕੋਈ ਬਹਿਸ ਹੋ ਰਹੀ ਹੈ)

ਪਹਿਲੀ ਆਵਾਜ਼ : ਨਹੀਂ ਕਮਾਂਡਰ ਸਾਹਿਬ, ਇਹ ਨਹੀਂ ਹੋ ਸਕਦਾ

ਦੂਜੀ ਆਵਾਜ਼ : ਇਹ ਕਦੀ ਵੀ ਨਹੀਂ ਹੋ ਸਕਦਾ

(ਦੋ ਬਜ਼ੁਰਗ, ਜਿਨ੍ਹਾਂ ਵਿਚੋਂ ਇਕ ਸਿੱਖ ਬਜ਼ੁਰਗ ਹੈ ਅਤੇ ਇਕ ਹਿੰਦੂ ਬਜ਼ੁਰਗ ਹੈ, ਦਾਖਲ ਹੁੰਦੇ ਹਨ। ਉਹਨਾਂ ਦੇ ਦਰਮਿਆਨ ਇਕ ਹਵਾਈ ਫੌਜ ਦਾ ਅਫਸਰ ਹੈ। ਮੰਚ ਤੇ ਇਕ ਪੁਜ਼ੀਸ਼ਨ ਤੇ ਆਕੇ ਉਹ ਸਟਿਲ ਹੋ ਜਾਂਦੇ ਹਨ।)

ਪਿਛੋਂ ਆਵਾਜ਼ : ਹਾਦਸੇ ਅਗੇ ਵੀ ਹੁੰਦੇ ਸਨ ਹੁਣ ਵੀ ਹੁੰਦੇ ਹਨ। ਇਹ ਵੀ ਇਕ ਹਾਦਸਾ ਸੀ ਜੋ ਆਗਰਾ ਛਾਉਣੀ ਵਿਚ ਹੋਇਆ ਹੈ। ਇਹ ਬੰਬਰ ਹਵਾਈ ਜਹਾਜ਼ ਦਾ ਹਾਦਸਾ ਹੈ। ਉਸੇ ਜਹਾਜ਼ ਵਿਚ ਮਨਜੀਤ ਸਿੰਘ ਬਰਾੜ ਪਾਇਲਟ ਸੀ ਤੇ ਕਮਲੇਸ਼ ਸ਼ਰਮਾ ਨੇਵੀਗੇਟਰ ਸੀ। ਉਹ ਦੋਹਵੇਂ ਪੰਜਾਬੀ ਸਨ ਤੇ ਆਪਸ ਵਿਚ ਗੱਲਾਂ ਵੀ ਹਮੇਸ਼ਾ ਖੁਲ੍ਹੀ ਡੁਲ੍ਹੀ ਪੰਜਾਬੀ ਵਿਚ ਕਰਦੇ ਸਨ। ਉਹ ਦੋਵੇਂ ਮਿਥੇ ਟਾਰਗਟ ਨੂੰ ਉਡਾ ਦੇਣ ਦੀ 'ਡੱਮੀ ਐਕਸਰਸਾਈਜ਼' ਕਰ ਰਹੇ ਸਨ। ਬਹੁਤ ਹੀ ਉਚਾਈ ਤੋਂ ਉਸ ਟਾਰਗਟ ਉਤੇ ਝਪਟਣਾ ਸੀ ਤੇ ਅਪਣੀ ਕਰਾਮਾਤ ਵਿਖਾ ਕੇ ਫੇਰ ਅਸਮਾਨ ਦੀਆਂ ਬੁਲੰਦੀਆਂ ਨੂੰ ਛੁਹ ਲੈਣਾ ਸੀ। ਉਹਨਾਂ ਡਾਈਵਮਾਰੀ, ਪਰ ਜਹਾਜ ਨੂੰ ਆਕਾਸ਼ ਵਲ ਨਾ ਮੋੜ ਸਕੇ, ਸੋ ਇਹ ਹਾਦਸਾ ਹੋ ਗਿਆ। ਸਾਲਵੇਜ ਪਾਰਟੀ ਨੂੰ ਕੁਝ ਕੁ ਬੋਟੀਆਂ ਹੀ ਲਭੀਆਂ ਹਨ। ਇਹ ਮਨਜੀਤ ਸਿੰਘ ਬਰਾੜ ਦੀਆਂ ਹੋਨ ਜਾਂ ਕਮਲੇਸ਼ ਸ਼ਰਮਾ ਦੀਆਂ ਹਨ, ਕੋਈ ਪਹਿਚਾਣ ਨਹੀਂ। ਦੋਨਾਂ ਦੇ ਵਾਰਸ ਆ ਗਏ ਹਨ। ਇਹਨਾਂ ਬੋਟੀਆਂ ਦਾ ਸਸਕਾਰ ਕਿਸ ਤਰ੍ਹਾਂ ਹੋਵੇ, ਇਹ ਬਹਿਸ ਅਧੀਨ ਨੁੱਕਤਾ ਹੈ। ਧਰਮਯੁੱਧ ਜੋ, ਪੰਜਾਬ ਦੀ ਵਿਸ਼ਾਲ ਧਰਤੀ ਤੇ ਲੜਿਆ ਜਾ ਰਿਹਾ, ਉਹ ਇਥੇ ਵੀ ਪੁੱਜ ਗਿਆ ਹੈ। ਕਮਾਂਡਰ ਦਾ ਇਹ ਵਿਚਾਰ ਹੈ ਕਿ ਇਹ ਦੋਨੋਂ ਸਾਥੀ ਸਨ। ਇਹਨਾਂ ਦੀਆਂ ਲਾਸ਼ਾਂ ਦੀ ਸ਼ਨਾਖਤ ਨਹੀਂ ਹੋ ਸਕੀ, ਜੇ ਉਹ ਮਨਣ ਤਾਂ ਇਹਨਾਂ ਦਾ ਸਸਕਾਰ ਇਕੱਠਾ ਹੋ ਸਕਦਾ ਹੈ। ਗੁਰਬਾਣੀ ਦਾ ਪਾਠ ਵੀ ਹੋਵੇ ਤੇ ਮੰਤਰ ਵੀ ਪੜ੍ਹੇ ਜਾਣ।

(ਪਾਤਰ ਹਰਕਤ ਵਿਚ ਆਂਦੇ ਹਨ)

ਸਿੱਖ ਬਜ਼ੁਰਗ : ਲਓ ਇਹ ਕਿਸ ਤਰ੍ਹਾਂ ਹੋ ਸਕਦੈ। ਸਾਡਾ ਧਰਮ ਹਿੰਦੂ ਧਰਮ ਦਾ ਹਿੱਸਾ ਨਹੀਂ। ਸਾਡੀ ਅਪਣੀ ਪਹਿਚਾਣ ਹੈ, ਵੱਖਰਾ ਧਰਮ ਹੈ, ਵੱਖਰਾ ਸਭਿਆਚਾਰ ਹੈ।

ਕਮਾਂਡਰ : ਸਰਦਾਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ, ਜੋ ਕੁਝ ਬਚਿਆ ਹੈ, ਉਸ ਦੀ ਪਹਿਚਾਣ ਨਹੀਂ ਹੋ ਸਕਦੀ ਹੈ।

ਸਿਖ ਬਜ਼ੁਰਗ : ਮੇਰੇ ਪੁੱਤਰ ਦੀ ਬਾਂਹ ਕੇ ਇਕ ਕੱੜਾ ਸੀ।

ਕਮਾਂਡਰ : ਉਹ ਸਭ ਕੁਝ ਪਿਘਲ ਗਿਆ ਏ।

ਸਿਖ ਬਜ਼ੁਰਗ : ਪਰ ਇਹ ਸਾਂਝਾ ਸਸਕਾਰ ਕਿਸ ਤਰ੍ਹਾਂ ਹੋ ਸਕਦੈ ? ਦਿਲੀ ਵਿਚ ਸਾਡੇ ਬਜ਼ੁਰਗਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ। ਉਹਨਾਂ ਨਾਲ ਸਾਡੀ ਸਾਂਝ ਕੀ ਹੋ ਸਕਦੀ ਏ ?

ਹਿੰਦੂ ਬਜ਼ੁਰਗ ; ਹਾਂ ਕਮਾਂਡਰ ਸਾਹਿਬ, ਜਿਸ ਧਰਮ ਦੇ ਬੰਦਿਆਂ ਨੂੰ ਬਸਾਂ ਵਿਚੋਂ ਕੱਢਕੇ ਮਾਰਿਆ; ਸਾਡੀ ਉਹਨਾਂ ਨਾਲ ਕੀ ਸਾਂਝ ਹੋ ਸਕਦੀ ਏ।

ਸਿਖ ਬਜ਼ੁਰਗ। ਜਿੰਨ੍ਹਾਂ ਲੋਕਾਂ ਨੇ ਇਕ ਵਿਓਂਤ ਬਣਾ ਕੇ ਸਾਡੇ ਧਰਮ ਦੇ ਬੰਦਿਆਂ ਨੂੰ ਭਾਰਤ ਵਿਚੋਂ ਖਤਮ ਕਰਨ ਦਾ ਬੀੜਾ ਚੁੱਕਿਆ, ਉਹਨਾਂ ਨਾਲ ਸਾਡੀ ਸਾਂਝ ਕੀ ਹੋ ਸਕਦੀ ਏ ?

ਹਿੰਦੂ ਬਜ਼ੁਰਗ : ਜਿਸ ਧਰਮ ਦੇ ਸਭ ਤੋਂ ਵਡੇ ਲੀਡਰ ਨੇ ਮੰਜੀ ਸਾਹਿਬ ਵਰਗੀ ਪਵਿਤ੍ਰ ਸਟੇਜ ਤੋਂ ਇਹ ਐਲਾਨ ਕੀਤਾ ਕਿ ਇਕ ਸਿੱਖ ਦੇ ਹਿਸੇ ਪੈਂਤੀ ਹਿੰਦੂ ਆਉਂਦੇ ਹਨ। ਉਹਨਾਂ ਨਾਲ ਸਾਡੀ ਕੀ ਸਾਂਝ ਹੋ ਸਕਦੀ ਏ ?

ਸਿਖ ਬਜ਼ੁਰਗ : ਏਸ਼ੀਆ ਖੇਡਾਂ ਵੇਲੇ ਜਿਸ ਤਰ੍ਹਾਂ ਸਾਨੂੰ ਜ਼ਲੀਲ ਕੀਤਾ ਗਿਆ, ਅਸੀਂ ਕਿਸ ਤਰ੍ਹਾਂ ਭੁਲ ਸਕਦੇ ਹਾਂ ?

ਹਿੰਦੂ ਬਜ਼ੁਰਗ : ਅਸੀਂ ਸਦੀਆਂ ਤੋਂ ਜਿਸ ਧਰਤੀ ਤੇ ਰਹਿ ਰਹੇ ਸਾਂ, ਸਾਡੇ ਘਰਾਂ ਅਗੇ ਇਸ਼ਤਿਹਾਰ ਲਗਾਕੇ ਸਾਨੂੰ ਜਿਸ ਤਰ੍ਹਾਂ ਘਰੋਂ ਬੇਘਰ ਕੀਤਾ ਗਿਆ, ਅਸੀਂ ਕਦੋਂ ਭੁਲ ਸਕਦੇ ਹਾਂ।

ਕਮਾਂਡਰ : ਫੇਰ ਤੁਸੀਂ ਚਾਹੁੰਦੇ ਕੀ ਹੋ ?

ਸਿਖ ਬਜ਼ੁਰਗ : ਤੁਹਾਨੂੰ ਜੋ ਕੁਝ ਵੀ ਲਭਿਆ ਹੈ, ਉਹ ਸਾਡੇ ਹਵਾਲੇ ਕਰੋ। ਅਸੀ ਆਪਣੀਆ ਰਸਮਾ ਨਾਲ ਉਹਦਾ ਸਸਕਾਰ ਕਰਾਂਗੇ।

ਹਿੰਦੂ ਬਜ਼ੁਰਗ : ਤੁਹਾਡੇ ਹਵਾਲੇ ਕਿਉਂ ਕਰਨ। ਉਸ ਵਿਚ ਮੇਰੇ ਪੁੱਤਰ ਦੀਆਂ ਵੀ ਹੱਡੀਆਂ ਹਨ, ਅਸੀਂ ਆਪਣਾ ਹੱਕ ਨਹੀਂ ਛੱਡ ਸਕਦੇ।

(ਇਕ ਦੂਜੇ ਨੂੰ ਘੂਰਦੇ ਹਨ ਅਤੇ ਬੜੇ ਨਾਟਕੀ ਢੰਗ ਨਾਲ ਇਕ ਦੂਜੇ ਤੋਂ ਮੂੰਹ ਫੇਰ ਲੈਂਦੇ ਹਨ)

ਰਮਾਂਡਰ : ਸੁਣੋ ਸਰਦਾਰ ਸਾਹਿਬ, ਤੁਸੀਂ ਵੀ ਸੁਣੋ ਸ਼ਰਮਾ ਸਾਹਿਬ, ਉਥੇ ਰਾਖ ਤੋਂ ਸਿਵਾ ਕੁਝ ਨਹੀਂ ਬਚਿਆ। ਉਹ ਰਾਖ ਅਸੀਂ ਇਕ ਬਾਕਸ ਵਿਚ ਸਾਂਭ ਦਿਤੀ ਹੈ। ਵੰਡ ਲਵੋ ਇਸ ਰਾਖ ਨੂੰ। ਗੁਰਬਾਨੀ ਦੇ ਸ਼ਲੋਕ ਬੋਲੋ ਜਾਂ ਮੰਤਰਾਂ ਦਾ ਜਾਪ ਕਰੋ। ਰਾਖ ਵਿਚੋਂ ਕੋਈ ਸਬੂਤਾ ਆਕਾਰ ਨਹੀਂ ਉਭਰ ਸਕਦਾ। ਨਾ ਮਨਜੀਤ ਸਿੰਘ ਬਰਾੜ ਦਾ, ਨਾ ਕਮਲੇਸ਼ ਸ਼ਰਮਾ ਦਾ। ਮੈਂ ਨਹੀਂ ਚਾਹੁੰਦਾ ਸਾਂ ਕਿ ਇਹ ਭੇਤ ਖੁਲ੍ਹੇ। ਮੈਂ ਬੰਦ ਬਕਸੇ ਦਾ ਹੀ ਸਸਕਾਰ ਕਰਨਾ ਚਾਹੁੰਦਾ ਸਾਂ। ਸਾਂਝੀਆਂ ਰਸਮਾਂ ਨਾਲ। ਪਰ ਇਸ ਧਰਤੀ ਤੇ ਹੁਣ ਕੀ ਸਾਂਝ ਹੋ ਸਕਦੀ ਏ ? ਨਫ਼ਰਤ ਦੀ ਅੱਗ ਵਿਚ ਸਭ ਕੁਝ ਸੜ ਜਾਏਗਾ। ਸਭ ਕੁਝ ਰਾਖ ਹੋ ਜਾਏਗਾ।

(ਤਿੰਨੇ ਪਾਤਰ ਫਰੀਜ਼ ਹੋ ਜਾਂਦੇ ਹਨ-ਪਿੱਠ ਭੂਮੀ ਤੇ ਗੀਤ ਦੀ ਅਵਾਜ਼ ਉੱਚੀ ਹੁੰਦੀ ਹੈ)

ਗੀਤ ਦੀ ਆਵਾਜ਼ : ਸਭ ਕੁਝ ਇਥੇ ਸੜ ਜਾਏਗਾ
ਸਭ ਕੁਝ ਇਥੇ ਝੁਲਸ ਜਾਏਗਾ
ਜੇ ਲਗੀ ਰਹੀ ਅੱਗ ਤਾਂ ਜਾਣ ਵੇ ਲੋਕੋ
ਜੇ ਬੁਝੀ ਨਾ ਅੱਗ ਤਾਂ ਜਾਣ ਵੇ ਲੋਕੋ
ਸਭ ਕੁਝ ਇਥੇ ਸੜ ਜਾਏਗਾ
ਸਭ ਕੁਝ ਇਥੇ ਝੁੱਲਸ ਜਾਏਗਾ

(ਗੀਤ ਦੇ ਬੋਲਾਂ ਦੇ ਦਰਮਿਆਨ ਪਾਤਰ ਇਕ ਪਾਸੇ ਤੋਂ ਬਾਹਰ ਜਾਂਦੇ ਹਨ। ਢੋਲਕ ਦੀ ਠਾਪ ਨਾਲ ਮੰਚ ਤੇ ਇਕ ਨੌਜੁਵਾਨ ਪਾਗਲਾਂ ਵਾਲੇ ਪ੍ਰਭਾਵ ਦੇਂਦਾ ਹੋਇਆ ਆਂਦਾ ਹੈ)—

ਨੌਜਵਾਨ : ਮੇਰੇ ਨੇੜੇ ਨਾ ਆਓ, ਮੈਂ ਇਕ ਹਤਿਆਰਾ ਹਾਂ, ਮੈਂ ਕਿਸੇ ਨੂੰ ਆਪਣਾ ਚਿਹਰਾ ਵਿਖਾਉਣ ਜੋਗਾ ਨਹੀਂ (ਜ਼ਮੀਨ ਤੇ ਬੈਠ ਕੇ ਆਪਣੇ ਹੱਥ ਜ਼ੋਰ ਜ਼ੋਰ ਦਾ ਜ਼ਮੀਨ ਤੇ ਮਾਰਨ ਲੱਗ ਪੈਂਦਾ ਹੈ) ਮੈਂ ਤੋੜ ਦਿਆਂਗਾ ਇਹਨਾਂ ਹੱਥਾਂ ਨੂੰ, ਮੈਂ ਤੋੜ ਦਿਆਂਗਾ (ਫੇਰ ਉੱਠਦਾ ਹੈ ਆਪਣੇ ਚਿਹਰਾ ਆਪਣੇ ਹੱਥਾਂ ਨਾਲ ਛੁਪਾਂਦਾ ਹੋਇਆ ਸਹਿਮ ਦੇ ਪ੍ਰਭਾਵ ਦੇਂਦਾ ਹੈ।)

ਪਿਛੋਂ ਆਵਾਜ਼ : ਤੇ ਇਹ ਵੀ ਇਕ ਹਾਦਸਾ ਏ। ਐਸਾ ਹਾਦਸਾ ਜੋ ਪੰਜਾਬ ਦੀ ਧਰਤੀ ਤੇ ਹਰ ਵੇਲੇ ਵਾਪਰ ਸਕਦਾ ਏ :

(ਨੌਜਵਾਨ ਇਕ ਪਾਸੇ ਤੋਂ ਬਾਹਰ ਜਾਂਦਾ ਹੈ। ਸਤਵੰਤ ਕੌਰ ਦੂਸਰੇ ਪਾਸੇ ਤੋਂ ਆਂਦੀ ਹੈ। ਬੈਠਦੀ ਹੈ। ਕੁਝ ਚਿਰ ਦਾਲ ਆਦਿਕ ਚੁਗਦੀ ਹੈ, ਬਾਹਰੋਂ ਗੁਰਮੇਲ ਸਿੰਘ ਆਂਦਾ ਹੈ)

ਸਤਵੰਤ ਕੌਰ : ਆ ਗੁਰਮੇਲ ਬੈਠ ਜਾ, ਮੈਂ ਤੇਰਾ ਰਾਹ ਹੀ ਵੇਖ ਰਹੀ ਸਾਂ।

ਗੁਰਮੇਲ : ਪਰ ਭੈਣੇ ਤੂੰ ਏਨੀ ਉਦਾਸ ਕਿਉਂ ਏ ? ਜੀਜਾ ਜੀ ਕਿਥੇ ਗਏ ਨੇ ?

ਸਤਵੰਤ ਕੌਰ : ਉਹ ਤਾਂ ਸ਼ਹਿਰ ਗਏ ਨੇ, ਦੀਪੀ ਦੇ ਵਿਆਹ ਦੀ ਤਿਆਰੀ ਵਿਚ ਰੁੱਝੇ ਹੋਏ ਨੇ, ਛੋਟੀਆਂ ਮੋਟੀਆਂ ਚੀਜ਼ਾਂ ਲਿਆਉਣ ਵਾਲੀਆਂ ਸਨ। ਉਧਰ ਦੀਪੀ ਨੇ ਬਖੇੜਾ ਪਾਇਆ ਹੋਇਆ ਏ, ਜਿੰਨਾ ਚਿਰ ਵੀਰ ਨੇ ਨਹੀਂ ਆਉਣਾ ਉਹਨੇ ਵਿਆਹ ਨਹੀਂ ਕਰਵਾਉਣਾ।

ਗੁਰਮੇਲ : ਹਰਦੀਪ ਦੀ ਕੋਈ ਖਬਰ ਨਹੀਂ ਮਿਲੀ ?

ਸਤਵੰਤ ਕੌਰ : ਕੋਈ ਨਾ। ਪਤਾ ਨਹੀਂ ਏਨਾ ਨਿਰਮੋਹੀ ਕਿਉਂ ਹੋ ਗਿਆ ਏ। ਉਡਦੀ ਉਡਦੀ ਖਬਰ ਇਹ ਵੀ ਮਿਲ ਜਾਂਦੀ ਏ, ਉਹ ਅਤਿਵਾਦੀਆਂ ਨਾਲ ਜਾ ਰਲਿਆ ਏ।

ਗੁਰਮੇਲ : ਇਹ ਐਵੇਂ ਝੂਠ ਹੋਣਾ ਏ। ਭਲਾ ਉਹਨੇ ਇਹ ਕੰਮ ਕਾਹਨੂੰ ਕਰਨਾ ਸੀ ? ਪਰਸੋਂ ਗਵਾਚਿਆਂ ਦੀ ਭਾਲ ਵਿਚ ਟੀ. ਵੀ. ਵਿਚ ਮੈਂ ਉਹਦੇ ਬਾਰੇ ਸੂਚਨਾ ਦੇਖੀ ਸੀ।

ਸਤਵੰਤ ਕੌਰ : ਆਹੋ ਪਿੰਡ ਵਿਚ ਬਹੁਤਿਆਂ ਨੇ ਇਹ ਸਲਾਹ ਦਿਤੀ, ਸ਼ਾਇਦ ਗੁਰਦੀਪ ਕਿਸੇ ਦੋਸਤ ਕੋਲ ਹੀ ਠਹਿਰਿਆ ਹੋਏ ਤੇ ਭੈਣ ਦੇ ਵਿਆਹ ਦਾ ਸੁਣਕੇ ਆ ਜਾਏ। ਇਹ ਦਸ ਭਾਬੀ ਦਾ ਕੀ ਹਾਲ ਏ। ਨਿਕੇ ਨਿਕੀਆਂ ਤਾਂ ਠੀਕ ਨੇ ? ਤੂੰ ਨਾਲ ਹੀ ਲੈ ਆਂਦਾ। ਦੀਪੀ ਦੇ ਵਿਆਹ ਦੀ ਰੌਣਕ ਹੋ ਜਾਂਦੀ।

ਗੁਰਮੇਲ : ਉਹ ਜ਼ਰੂਰ ਆ ਜਾਣਗੇ। ਅੱਜ ਤਾਂ ਮੈਂ ਆਇਆ ਸਾਂ ਕਿ ਸਾਰੀ ਖ਼ਬਰ ਲੈ ਆਵਾਂ ਤੇ ਨਾਲੇ ਕੋਈ ਕੰਮ ਹੋਵੇ ਤਾਂ ਵੀ ਪੁੱਛ ਲਵਾਂ (ਘੜੀ ਵੇਖ ਕੇ) ਪਰ ਜੀਜਾ ਜੀ ਨੇ ਦੇਰ ਕਿਉਂ ਲਾ ਦਿਤੀ ਏ ? ਹੁਣ ਤੇ ਆਖਰੀ ਬਸ ਵੀ ਆ ਗਈ ਹੋਣੀ ਏ। ਚਾਰ ਵਜੇ ਤੋਂ ਬਾਅਦ ਤਾਂ ਅੱਜ ਕੱਲ ਕੋਈ ਬਸ ਚਲਦੀ ਨਹੀਂ।

ਸਤਵੰਤ ਕੌਰ : ਨਹੀਂ ਟਰੈਕਟਰ ਤੇ ਗਏ ਨੇ। ਆਪਣੇ ਪਿੰਡ ਦਾ ਗੁਰਨਾਮ ਸਿੰਘ ਵੀ ਨਾਲ ਏ। ਤੂੰ ਮੂੰਹ ਹੱਥ ਧੋ ਲੈ। ਮੈਂ ਚਾਹ ਧਰਦੀ ਹਾਂ।

ਗੁਰਮੇਲ : ਨਹੀਂ ਚਾਹ ਦੀ ਹਾਲੇ ਲੋੜ ਨਹੀਂ। ਜੀਜਾ ਜੀ ਨੂੰ ਆ ਲੈਣ ਦੇ। ਹਾਂ ਸੱਚ ਦੀਪੀ ਕਿਥੇ ਗਈ ਏ।

ਸਤਵੰਤ ਕੌਰ : ਨਾਲ ਦੀ ਗਲੀ ਸਹੇਲੀ ਕੋਲ ਗਈ ਏ। ਆਉਂਦੀ ਹੀ ਹੋਣੀ ਏ।

(ਏਨੇ ਵਿਚ ਗੁਰਨਾਮ ਸਿੰਘ ਆਉਂਦਾ ਹੈ)

ਗੁਰਨਾਮ ਸਿੰਘ : ਭਾਬੀ ਗਜ਼ਬ ਹੋ ਗਿਆ।

ਸਤਵੰਤ ਕੌਰ : ਕੀ ਹੋਇਆ ਭਰਾਵਾਂ ?

ਗੁਰਨਾਮ ਸਿੰਘ : ਭਾਬੀ ਸ਼ਹਿਰ ਪੁੱਜੇ ਹੀ ਸਾਂ ਕਿ ਰੌਲਾ

ਪੈ ਗਿਆ। ਕੁਝ ਨੌਜਵਾਨ ਜਿਨ੍ਹਾਂ ਮੂੰਹ ਤੇ ਮਦਾਸੇ ਬੰਨੇ ਹੋਏ ਸਨ, ਗੋਲੀਆਂ ਵਰ੍ਹਾਂਦੇ ਆਏ, ਆਹ ਗਏ ਔਹ ਗਏ, ਇਕ ਗੋਲੀ ਕਿਧਰੋਂ ਭਰਾ ਦੀ ਛਾਤੀ ਵਿਚੋਂ ਸਿਧੀ ਪਾਰ ਕਰ ਗਈ। ਉਹ ਉਥੇ ਹੀ ਢੇਰੀ ਹੋ ਗਿਆ।

ਸਤਵੰਤ ਸਿੰਘ : ਨਹੀਂ, ਇਹ ਨਹੀਂ ਹੋ ਸਕਦਾ, ਇਹ ਨਹੀਂ ਹੋ ਸਕਦਾ।

(ਗ਼ਸ਼ ਖਾ ਜਾਂਦੀ ਹੈ)

ਗੁਰਮੇਲ : ਭੈਣ, ਭੈਣ

ਗੁਰਨਾਮ : ਗੁਰਮੇਲ ਸਿੰਘਾਂ, ਤੂੰ ਇਹਨੂੰ ਸੰਭਾਲ, ਮੈਂ ਪਿੰਡ ਵਾਲਿਆਂ ਨੂੰ ਖਬਰ ਕਰਾਂ।

(ਜਾਂਦਾ ਹੈ)

ਗੁਰਮੇਲ : (ਸਤਵੰਤ ਕੌਰ ਨੂੰ) ਭੈਣ ਅਖਾਂ ਖੋਲ੍ਹ

(ਥੋੜੇ ਵਕਫੇ ਦੇ ਬਾਅਦ ਗੁਰਦੀਪ ਬਾਹਰੋਂ ਆਂਦਾ ਹੈ)

ਗੁਰਦੀਪ : (ਘਬਰਾ ਕੇ) ਮਾਮਾ ਜੀ, ਕੀ ਹੋਇਆ ਬੀਬੀ ਨੂੰ ? ਚਾਚਾ ਕਿਧਰ ਤੇਜ਼ ਤੇਜ਼ ਗਿਆ ਏ ?

ਗੁਰਮੇਲ : ਕਾਕਾ ਅਨਰਥ ਹੋ ਗਿਆ ਏ।

ਗੁਰਦੀਪ : ਕੀ ਹੋਇਐ ? ਛੇਤੀ ਦਸੋ ਮਾਮਾ ਜੀ

ਗੁਰਮੇਲ : ਪੁੱਤਰ, ਤੇਰਾ ਬਾਪੂ ਮਾਰਿਆ ਗਿਆ।

ਗੁਰਦੀਪ : ਕਿਨੇਂ ਮਾਰਿਆ ਏ ਬਾਪੂ ਨੂੰ ?

ਗੁਰਮੇਲ : ਅਜ ਸ਼ਹਿਰ ਗਿਆ ਸੀ, ਉਥੇ ਬਾਜ਼ਾਰ ਵਿਚ ਗੋਲੀ ਚਲਾਂਦੇ ਨੌਜਵਾਨ ਆਏ, ਤੇਰੇ ਬਾਪੂ ਨੂੰ ਅਚਾਨਕ ਇਕ ਗੋਲੀ ਲਗ ਗਈ

ਗੁਰਦੀਪ : (ਆਪਣੇ ਆਪ ਵਿਚ) ਸ਼ਹਿਰ ਗੋਲੀ ਚਲੀ, ਨਹੀਂ—ਨਹੀਂ—ਇਹ ਨਹੀਂ ਹੋ ਸਕਦਾ। ਮੈਂ ਆਪਣੇ ਬਾਪੂ ਦਾ ਕਾਤਲ ਨਹੀਂ ਹੋ ਸਕਦਾ

ਸਤਵੰਤ : (ਥੋੜੀਆਂ ਅਖਾਂ ਖੋਲ੍ਹਦੀ ਹੈ), ਗੁਰਦੀਪ ਤੂੰ ਆ ਗਿਆ ਏਂ ? ਜਾ ਆਪਣੇ ਬਾਪੂ ਨੂੰ ਲਭਕੇ ਲਿਆ, ਉਹ ਸਾਥੋਂ ਬਹੁਤ ਦੂਰ ਚਲਾ ਗਿਆ ਏ, ਉਹ ਤੇਰੇ ਨਾਲ ਰੁਸ ਗਿਆ ਏ ਪੁੱਤ।

ਗੁਰਦੀਪ : ਬੀਬੀ, ਮੈਨੂੰ ਪੁੱਤ ਨਾਂ ਆਖ, ਮੈਂ ਤੇਰਾ ਪੁੱਤ ਕਹਾਉਣ ਦਾ ਹੱਕਦਾਰ ਨਹੀਂ ਮੈਂ ਹੀ ਆਪਣੇ ਬਾਪੂ ਨੂੰ ਮਾਰਿਆ ਏ

ਗੁਰਮੇਲ : ਕੀ ਕਹਿੰਦਾ ਪਿਆ ਏਂ ਗੁਰਦੀਪ ?

ਗੁਰਦੀਪ : ਠੀਕ ਕਹਿੰਦਾ ਪਿਆ ਹਾਂ ਮਾਮਾ ਜੀ ਪਰਸੋਂ ਜਦੋਂ ਟੀ. ਵੀ. ਤੇ ਸੂਚਨਾ ਸੁਣੀ ਤੇ ਆਪਣੀ ਫੋਟੋ ਵੇਖੀ ਤਾਂ ਦੀਪੀ ਦੇ ਵਿਆਹ ਦਾ ਪਤਾ ਲੱਗਾ। ਮੈਂ ਸਾਥੀਆਂ ਨੂੰ ਕਿਹਾ, ਮੈਂ ਜਾਣਾ ਹੈ।

ਗੁਰਮੇਲ : ਕਿਹੜੇ ਸਾਥੀ ?

ਗੁਰਦੀਪ : ਇਹ ਨਾਂ ਪੁਛੋ ਮਾਮਾ ਜੀ। ਉਹ ਕਹਿਣ ਲਗੇ ਉਤੋਂ ਹੁਕਮ ਆਇਆ ਏ, ਬਸ ਸ਼ਹਿਰ ਵਿਚ ਐਕਸ਼ਨ ਤੋਂ ਬਾਅਦ ਚਲਾ ਜਾਈਂ।

ਗੁਰਮੇਲ : ਕਾਹਦਾ ਐਕਸ਼ਨ

ਗੁਰਦੀਪ : ਇਹੋ ਜੋ ਅਜ ਦੁਪਹਿਰ ਹੋਇਆ ਏ ਸ਼ਹਿਰ ਵਿਚ। ਸ਼ਹਿਰ ਵਿਚ ਦਹਿਸ਼ਤ ਪਾਉਣ ਲਈ।... ਮੈਂ ਹੁਣ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ। ਮੈਂ ਆਪਣੇ ਬਾਪੂ ਦਾ ਕਾਤਲ ਹਾਂ

(ਸਾਰਾ ਐਕਸ਼ਨ ਫਰੀਜ਼ ਹੋ ਜਾਂਦਾ ਮਾਂ ਪੁਤਰ ਵਲ ਵੇਖ ਰਹੀ ਹੈ। ਪਿਛੋਂ ਗੀਤ ਦੀ ਆਵਾਜ਼ ਉੱਚੀ ਹੋ ਜਾਂਦੀ ਹੈ)

ਗੀਤ : ਇੰਝ ਹਾਦਸੇ ਇਥੇ ਹੁੰਦੇ ਰਹਿਣਗੇ
ਬਾਪ ਪੁੱਤਾਂ ਤੋਂ ਮਰਦੇ ਰਹਿਣਗੇ
ਸੁਹਾਗ ਏਦਾਂ ਹੀ ਲੁੱਟਦੇ ਰਹਿਣਗੇ
ਬਾਪ ਧੀਆਂ ਤੇ ਮਰਦੇ ਰਹਿਣਗੇ
ਜੇ ਲਗੀ ਰਹੀ ਅੱਗ ਤਾਂ ਜਾਣ ਲੋ ਲੋਕੋ
ਜੇ ਬੁਝੀ ਨਾਂ ਅੱਗ ਤਾਂ ਜਾਣ ਲੋ ਲੋਕੋ
ਸਭ ਕੁਝ ਇਥੇ ਸੜ ਜਾਏਗਾ।
ਸਭ ਕੁਝ ਇਥੇ ਝੁਲਸ ਜਾਏਗਾ।

ਅੰਤਿਕਾ : ਸਭ ਕੁਝ ਸਟੇਜ ਤੇ ਫਰੀਜ਼ ਹੈ ਜਦੋਂ ਬਾਬਾ ਫੇਰ ਸਟੇਜ ਤੇ ਆਂਦਾ ਹੈ।

ਬਾਬਾ : ਤੇ ਅਜ ਜਦੋਂ ਇਹ ਦਾਸਤਾਨੇ ਪੰਜਾਬ ਲਿਖੀ ਹੈ ਤਾਂ ਨਾਂ ਚਾਹੁਣ ਤੇ ਵੀ ਇਸ ਦੇ ਹਰ ਸਫੇ ਤੇ ਹਾਸ਼ੀਆ ਕਾਲਾ ਹੈ ਕਿਉਂਕਿ ਇਸਦੀ ਹਰ ਇਕ ਕਹਾਣੀ ਮੌਤ ਨਾਲ ਖਤਮ ਹੁੰਦੀ ਹੈ। ਮੌਤ ਬਾਜ਼ਾਰ ਵਿਚ ਹੋਵੇ, ਮੌੜ ਸੜਕ ਤੇ ਹੋਵੇ, ਮੌਤ ਥਾਣੇ ਵਿਚ ਹੋਵੇ, ਨਹਿਰ ਦੇ ਕੰਢੇ ਤੇ ਹੋਵੇ ਬਸ ਵਿਚ ਹੋਵੇ, ਮੌਤ ਦੀ ਹਰ ਕਹਾਣੀ ਦਾ ਹਾਸ਼ੀਆ ਕਾਲਾ ਹੀ ਹੁੰਦਾ ਹੈ। ਕੌਣ ਹੈ ਇਸ ਮੌਤ ਦਾ ਜ਼ਿਮੇਵਾਰ ? ਮੈਂ ਗੰਜੇ ਸਿਰਾਂ, ਲੰਮੀਆਂ ਦਾੜ੍ਹੀਆਂ ਦੀ ਸ਼ਨਾਖਤ ਇਸ ਦਾਸਤਾਨ ਦੀ ਭੂਮਿਕਾ ਵਿਚ ਹੀ ਕਰ ਦਿਤੀ ਸੀ। ਉਹਨਾਂ ਦੀ ਗੰਦੀ ਸਿਆਸਤ ਦੀ ਕੀਮਤ ਪੰਜਾਬ ਦੇ ਸਾਧਾਰਨ ਲੋਕਾਂ ਨੂੰ ਦੇਣੀ ਪੈ ਰਹੀ ਹੈ। ਅਨਿਸਚਤਾ, ਬੇ-ਭਰੋਸਗੀ ਅਤੇ ਹਾਦਸਿਆਂ ਦੀ ਜ਼ਿੰਦਗੀ ਉਹ ਜੀ ਰਹੇ ਹਨ ! ਹੁਣ ਇਹ ਤੁਹਾਡੇ ਉਤੇ ਹੈ। ਕੀ ਤੁਸੀ ਸਭ ਕੁਝ ਚੁੱਪ ਦਰਸ਼ਕਾਂ ਵਾਂਗ ਵੇਖੀ ਜਾਓਗੇ ? ਜਾਂ ਮਿਲਕੇ ਇਸ ਮੌਤ ਦੀ ਦਾਸਤਾਨ ਨੂੰ ਇਥੇ ਖਤਮ ਕਰੋਗੇ। ਇਹ ਮੇਰਾ ਸਵਾਲ ਹੈ। ਜਵਾਬ ਤੁਸੀਂ ਦੇਣਾ ਹੈ। ਵਿਸ਼ੇਸ਼ ਮੁਦਰਾ ਵਿਚ ਖਲੋਂਦਾ ਹੈ ਜਦੋਂ ਗੀਤ ਦੇ ਬੋਲ ਸਭ ਕੁਝ ਇਥੇ ਸੜ ਜਾਏਗਾ...ਉੱਚੇ ਹੁੰਦੇ ਹਨ।) [ਸਮਾਪਤ] o

## ਸਿਖ ਸੰਗਠਨਾਂ ਵਲੋਂ ਚਲਾਈ ਜਾ ਰਹੀ ਲਹਿਰ ਬਾਰੇ ਕਮਿਊਨਿਸਟ ਇਨਕਲਾਬੀਆਂ ਦੀ ਕੀ ਪਹੁੰਚ ਹੋਵੇ ? ਸਾਵਨ ਸਿੰਘ, ਗੁਰਮੇਲ ਸਿੰਘ ਤੇ ਬਲਬੀਰ ਪਰਵਾਨਾ ਦੀ ਚਿਠੀਆਂ ਅਤੇ ਗੁਰਸ਼ਰਨ ਸਿੰਘ ਵਲੋਂ ਟਿਪਣੀ

**1.** ਬਜ਼ੁਰਗ ਸਾਥੀ ਗੁਰਸ਼ਰਨ ਸਿੰਘ ਜੀ, ਲਾਲ ਸਲਾਮ !

ਤੁਸੀਂ ਆਪਣੇ ਪੇਪਰ ਵਿਚ ਵੱਖ ਵੱਖ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਚਿੱਠੀਆਂ ਲਾਕੇ ਬਹੁਤ ਹੀ ਸ਼ਲਾਘਾਯੋਗ ਕੰਮ ਕਰ ਰਹੇ ਜੇ ! ਕਿਉਂਕਿ ਅੱਜ ਦੀ ਹਾਲਤ 'ਚ ਇਨਕਲਾਬੀ ਧਿਰਾਂ 'ਚ ਭਾਰਤੀ ਇਨਕਲਾਬੀ ਲਹਿਰ ਨੂੰ ਅਗੇ ਵਧਾਉਣ ਦੇ ਸਵਾਲ ਤੇ ਤਿਖੇ ਮਤਭੇਦ ਹਨ, ਜਿਹਨਾਂ ਤੇ ਇਹੋ ਜਿਹੀ ਖੁਲ੍ਹੀ ਬਹਿਸ ਨਾਲ ਵੱਖ ਵੱਖ ਧਿਰਾਂ ਦੀਆਂ ਪੁਜ਼ੀਸ਼ਨਾਂ ਸਾਫ ਹੁੰਦੀਆਂ ਹਨ ਅਤੇ ਨਾਲ ਹੀ ਠੀਕ ਧਿਰ ਦੇ ਵਿਕਾਸ ਲਈ ਇਹ ਬਹੁਤ ਜ਼ਰੂਰੀ ਹੈ।

ਹੁਣ ਮੈਂ ਤੁਹਾਡ ਵਲੋਂ ਕਨੈਡਾ ਵਿਚੋ ਰਹਿ ਰਹੇ ਭਾਰਤੀ ਕਾਮਰੇਡਾਂ ਵਲੋਂ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਸਭਿਆਚਾਰਕ ਪ੍ਰੋਗਰਾਮ ਮੌਕੇ ਪਾਸ ਕੀਤੇ ਮਤੇ ਤੇ ਕੀਤੀ ਟਿਪਣੀ ਵਲ ਆਉਂਦਾ ਹਾਂ ਜਿਸ ਵਿਚ ਤੁਸੀਂ ਲਿਖਿਆ ਕਿ "ਵਿਦੇਸ਼ਾਂ ਵਿਚ ਬੈਠੇ ਸਾਡੇ ਸਾਥੀ ਭਾਰਤ ਵਿਚ ਵਧ ਰਹੀ ਹਿੰਦੂ ਸ਼ਾਵਨਵਾਦੀ ਫਾਸ਼ੀ ਤਾਕਤ ਬਾਰੇ ਫਿਕਰਮੰਦ ਹਨ। ਉਹਨਾਂ ਦਾ ਫਿਕਰਮੰਦ ਹੋਣਾ ਜਾਇਜ਼ ਹੈ ਪਰ ਸਾਡੇ ਵਿਚਾਰ ਵਿਚ ਉਹਨਾਂ ਨੂੰ ਘੱਟ ਗਿਣਤੀਆਂ ਵਿਚ ਵਧ ਰਹੇ ਧਾਰਮਕ ਸ਼ਾਵਨਵਾਦ ਬਾਰੇ ਵੀ ਉਨਾਂ ਹੀ ਫਿਕਰਮੰਦ ਹੋਣਾ ਚਾਹੀਦਾ ਹੈ। ਹਿੰਦੂ ਸ਼ਾਵਨਵਾਦ ਵਿਰੁਧ ਘਟ ਗਿਣਤੀਆਂ ਦੀ ਲੜਾਈ ਜਮਹੂਰੀ ਪੈਂਤੜੇ ਤੋਂ ਹੀ ਲੜੀ ਜਾ ਸਕਦੀ ਹੈ ਨਾਂਕਿ ਉਲਟ ਸ਼ਾਵਨਵਾਦੀ ਪੈਂਤੜਾ ਅਪਣਾਕੇ।"

ਇਹ ਗੱਲ ਦਰੁਸਤ ਹੈ ਕਿ ਹਿੰਦੂ ਸ਼ਾਵਨਵਾਦ ਭੜਕਾ ਰਹੇ ਹਾਕਮਾਂ ਖਿਲਾਫ ਘਟ ਗਿਣਤੀਆਂ ਦੀ ਲੜਾਈ ਜਮਹੂਰੀ ਪੈਂਤੜੇ ਤੋਂ ਹੀ ਲੜੀ ਜਾਣੀ ਚਾਹੀਦੀ ਹੈ, ਪਰ ਇਸ ਲੜਾਈ ਦੀ ਅਗਵਾਈ ਕੌਣ ਕਰੇ, ਕੀ ਇਨਕਲਾਬ ਤੇ ਜਮਹੂਰੀ ਸ਼ਕਤੀਆਂ ? ਜਾਂ ਕੀ ਧਾਰਮਿਕ ਸ਼ਕਤੀਆਂ ? ਪਹਿਲਾਂ ਆਪਾ ਇਨਕਲਾਬੀ ਤੇ ਜਮਹੂਰੀ ਸ਼ਕਤੀਆਂ ਦੀ ਗੱਲ ਕਰਦੇ ਆਂ। ਭਾਰਤ ਦੇ ਕਾਮਰੇਡ ਤੇ ਖਾਸ ਕਰਕੇ ਪੰਜਾਬ ਦੇ ਕਾਮਰੇਡ ਧਾਰਮਿਕ ਧੱਕਿਆ ਵਿਤਕਰਿਆਂ ਬਾਰੇ ਬੋਲਣਾ ਉਂਝ ਹੀ ਬਹੁਤ-ਮਾੜਾ ਸਮਝਦੇ ਹਨ ਉਹਨਾਂ ਦਾ ਸਿਧਾ ਸਾਧਾ ਤਰਕ ਹੈ ਕਿ ਕਮਿਊਨਿਸਟ ਕਿਸੇ ਧਰਮ ਨੂੰ ਨਹੀਂ ਮੰਨਦੇ ਇਸ ਲਈ ਕਿਸੇ ਧਾਰਮਿਕ ਮਸਲੇ ਤੇ ਬੋਲਣ ਦਾ ਕੀ ਮਤਲਬ ? ਇਸ ਲਈ ਜੇਕਰ ਕਮਿਊਨਿਸਟ ਸ਼ਕਤੀਆਂ ਨੇ ਇਹਨਾਂ ਮਸਲਿਆਂ ਤੇ ਲੋਕਾਂ ਨੂੰ ਲਾਮਬੰਦ ਕਰਨ ਦੀ ਬਿਜਾਏ ਚੁਪ ਧਾਰ ਕੇ, ਧਾਰਮਿਕ ਸ਼ਕਤੀਆਂ ਲਈ ਮੈਦਾਨ ਹੀ ਖੁਲ੍ਹਾ ਛਡ ਦਿਤਾ ਤਾਂ ਇਸ ਵਿਚ ਕਸੂਰ ਕਿਸ ਦਾ ਹੈ ?

ਰਹੀ ਗੱਲ ਧਾਰਮਿਕ ਸ਼ਕਤੀਆਂ ਵਲੋਂ ਲੜੀ ਜਾ ਰਹੀ ਹੱਕੀ ਲੜਾਈ ਵਿਚ ਧਾਰਮਿਕ ਸ਼ਾਵਨਵਾਦ ਦੇ ਪੈਂਤੜੇ ਅਪਣਾਉਣ ਤੇ ਧਾਰਮਿਕ ਜਨੂੰਨ ਭਰਨ ਦੀ, ਇਸ ਬਾਰੇ ਕਿਸੇ ਵੀ ਖਰੇ ਕਮਿਊਨਿਸਟ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਉਹ (ਧਾਰਮਿਕ ਸ਼ਕਤੀਆਂ) ਅਜਿਹਾ ਨਹੀਂ ਕਰਨਗੀਆਂ ਅਤੇ ਨਾ ਹੀ ਉਹਨਾਂ ਤੋਂ ਖਰੇ ਜਮਹੂਰੀ ਪੈਂਤੜੇ ਤੋਂ ਲੜਾਈ ਲੜਣ ਦੀ ਕੋਈ ਬਹੁਤੀ ਆਸ ਰਖਣੀ ਚਾਹੀਦੀ ਹੈ, ਅਜਿਹਾ ਖਰਾ ਪੈਂਤੜਾ ਸਿਰਫ ਕਮਿਊਨਿਸਟ ਹੀ ਅਪਣਾ ਸਕਦੇ ਹਨ।

ਪਰ ਪੰਜਾਬ ਦੇ ਕਾਮਰੇਡ ਇਹਨਾਂ ਦੋਨਾਂ ਪਖਾਂ ਬਾਰੇ ਗਲਤ ਸੋਚਦੇ ਹਨ। ਇਕ ਤਾਂ ਉਹ ਘੱਟ ਗਿਣਤੀਆਂ ਨਾਲ ਧਾਰਮਿਕ ਮਸਲਿਆਂ ਤੇ ਵਿਤਕਰੇ, ਵਾਧਿਆਂ ਨੂੰ ਉਂਝ ਹੀ ਨਹੀਂ ਦੇਖਦੇ ਤੇ ਇਹਨਾਂ ਬਾਰੇ ਲੜਣਾ ਉਂਝ ਹੀ ਫਜ਼ੂਲ ਸਮਝਦੇ ਹਨ। ਦੂਜਾ ਜੇਕਰ ਕੋਈ ਇਹਨਾਂ ਮਸਲਿਆਂ ਤੇ ਕਮਿਊਨਿਸਟਾਂ ਵੱਲੋਂ ਲੜਾਈ ਲੜਨ ਦੀ ਗੱਲ ਕਰਦਾ ਹੈ ਤਾਂ ਉਹ (ਪੰਜਾਬ ਦੇ ਕਾਮਰੇਡ) ਘਟ ਗਿਣਤੀਆਂ ਦੇ ਘੋਲਾਂ ਦੀ ਅਗਵਾਈ ਕਰ ਰਹੀਆਂ ਧਾਰਮਿਕ ਸ਼ਕਤੀਆਂ ਦੀਆਂ ਘਾਟਾਂ, ਕਮਜ਼ੋਰੀਆਂ ਤੇ ਗਲਤੀਆਂ ਨੂੰ ਗਿਣਾਉਂਦੇ ਫਿਰਕੂ ਕੇਂਦਰੀ ਹਕੂਮਤ ਦੇ ਬਰਾਬਰ ਦਾ ਕਸੂਰਵਾਰ ਠਹਿਰਾ ਦੇਂਦੇ ਹਨ ਅਤੇ ਖੁਦ ਦੋਨਾਂ ਧਿਰਾਂ ਖਿਲਾਫ ਲੜਣ ਦਾ ਪੈਂਤੜਾ ਮਲ ਲੈਂਦੇ ਹਨ, ਇਹ ਕੋਈ ਜਮਹੂਰੀ ਪੈਂਤੜਾ ਨਹੀਂ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਮਸਲੇ ਦਾ ਕੋਈ ਹੱਲ ਨਹੀਂ ਹੁੰਦਾ ਸਗੋਂ ਮਸਲੇ ਦਾ ਹੱਲ ਤਾਂ ਹੀ ਹੋ ਸਕਦਾ ਹੈ ਜੇਕਰ ਵਿਤਕਰੇ ਵਾਧੇ ਕਰਨ ਵਾਲੀ ਫਿਰਕੂ ਕੇਂਦਰੀ ਹਕੂਮਤ ਖਿਲਾਫ ਕਮਿਊਨਿਸਟ, ਇਨ-ਕਲਾਬੀ ਜਮਹੂਰੀ ਲਹਿਰ ਉਸਾਰਨ ਦੌਰਾਨ ਹੋਰ ਲੋਕ ਪਖੀ ਮਸਲਿਆਂ ਦੇ ਨਾਲ ਘੱਟ ਗਿਣਤੀਆਂ ਨਾਲ ਵਾਧੇ ਵਿਤਕਰੇ ਦੀ ਗੱਲ ਵੀ ਜ਼ੋਰ ਨਾਲ ਉਭਾਰਨ ਤਾਂ ਜੋ ਘਟ ਗਿਣਤੀ ਫਿਰਕਿਆਂ ਦੇ ਲੋਕ ਧਾਰਮਿਕ ਕਟੜਪੰਥੀਆਂ ਦੇ ਮਗਰ ਨਾ ਲੱਗਣ। ਅਜਿਹਾ ਕਰਦਿਆਂ ਹੀ ਧਾਰਮਿਕ ਕਟੜਪੰਥੀਆਂ ਦੀਆਂ ਕੁਚੱਜੀਆਂ ਕਾਰਵਾਈਆਂ ਦੀ ਨੁਕਤਾਚੀਨੀ ਕਰਨੀ ਚਾਹੀਦੀ ਹੈ। ਇਹ ਹੀ ਖਰਾ ਜਮ-ਹੂਰੀ ਪੈਂਤੜਾ ਬਣਦਾ ਹੈ। ਪਰ ਜਿਹੜੇ ਕਾਮਰੇਡ 'ਇਹ

ਵੀ ਮਾੜਾ ਤੇ ਉਹ ਵੀ ਮਾੜਾਂ ਕਹਿਣ ਦੇ ਆਦੀ ਹੋ ਗਏ ਹਨ ਉਹਨਾਂ ਨੂੰ ਨਾ ਤਾਂ ਮੁਸਲਮਾਨ ਧਾਰਮਿਕ ਅਸਥਾਨਾਂ ਨੂੰ ਮੰਦਰਾਂ ਵਿਚ ਖੋਹਲਣ ਦੀ ਗੱਲ ਮਾੜੀ ਲਗਣੀ ਹੈ ਅਤੇ ਨਾ ਹੀ ਵਖ ਵਖ ਥਾਵਾਂ ਤੇ ਮੁਸਲਮਾਨ ਭਾਈਚਾਰੇ ਦਾ ਕੀਤਾ ਕਤਲੋਆਮ ਬੁਰਾ ਲਗਣਾ, ਸਗੋਂ ਉਹ ਤਾਂ ਇਨਾਂ ਘਟਨਾਵਾਂ ਨੂੰ ਹਿੰਦੂ-ਮੁਸਲਿਮ ਫਿਰਕੂ ਲੜਾਈ ਦਾ ਨਾਂ ਦੇ ਕੇ ਬੁਤਾ ਸਾਰ ਲੈਣਗੇ ਆਪ ਫਿਰ ਦੋਨਾਂ ਦਾ ਵਿਰੋਧ ਕਰਨ ਦਾ ਪੈਂਤੜਾ ਮਲਣਗੇ। ਇਸ ਤਰ੍ਹਾਂ ਹੀ ਉਹ ਸਿਖਾਂ ਦੇ ਮਸਲੇ ਬਾਰੇ ਵੇਖਦੇ ਹਨ। ਪਰ ਜੇਕਰ ਭਾਰਤੀ ਇਨ-ਕਲਾਬੀ ਲਹਿਰ ਨਾਲ ਡੂੰਘਾ ਲਗਾਓ ਰਖ ਰਹੇ ਕਨੇਡਾ ਵਿਚਲੇ ਭਾਰਤੀ ਕਾਮਰੇਡਾਂ ਨੇ ਦਰੁਸਤ ਪੈਂਤੜੇ ਤੋਂ ਸੋਚਣਾ ਸ਼ੁਰੂ ਕੀਤਾ ਹੈ ਤਾਂ ਇਹ ਖੁਸ਼ੀ ਦੀ ਗੱਲ ਹੀ ਹੈ। ਪੰਜਾਬ ਦੇ ਕਾਮਰੇਡ ਵੀ ਜਿੰਨੀ ਜਲਦੀ ਇਸ ਮਸਲੇ ਤੇ ਆਪਣੀ ਸਮਝ ਨੂੰ ਮੁੜ ਘੋਖ ਵਿਚਾਰ ਕੇ ਠੀਕ ਪੈਂਤੜਾ ਅਪਣਾਉਣ ਓਨਾਂ ਹੀ ਚੰਗਾ ਰਹੂ। ਹਾਂ ਪੰਜਾਬ ਦੀ ਇਕ ਧਿਰ ਨੇ ਪਹਿਲਾਂ ਹੀ ਇਸ ਮਸਲੇ ਤੇ ਠੀਕ ਪੁਜ਼ੀਸ਼ਨ ਲਈ ਹੈ।

ਤੁਹਾਡਾ ਸਾਥੀ

**ਸਾਵਨ ਸਿੰਘ**

**2**, ਭਾਅ ਜੀ—ਲਾਲ ਸਲਾਮ

ਮਈ-ਮਹੀਨੇ ਦੇ ਸਮਤਾ ਅੰਕ ਵਿਚ ਇਕਬਾਲ ਸਿੰਘ ਪੱਤੜ ਦੀ ਚਿੱਠੀ ਛਪੀ ਹੈ। ਬਹਿਸ ਅਧੀਨ ਸਾਰੇ ਨੁਕਤੇ ਸਹੀ ਦਿਸ਼ਾ ਵੱਲ ਉਸਾਰੂ ਕਦਮ ਹਨ। ਸਾਥੀ ਨੇ ਇਹ ਨੁਕਤੇ ਉਭਾਰਕੇ ਅਤੇ ਪੈਗਾਮ ਦੀ ਸ਼ਿਆਸਤ ਦੇ ਵਿਰੋਧੀ ਹੋਣ ਬਾਰੇ ਵੀ ਸਪਸ਼ਟ ਸ਼ਬਦਾਂ 'ਚ ਸਾਫ ਕੀਤਾ ਹੈ। ਇਸ ਤੋਂ ਇਹ ਗੱਲ ਸਾਫ ਹੈ ਕਿ ਸਾਥੀ, ਪੈਗ਼ਾਮ ਦਾ ਸਿਆਣਾ ਅਤੇ ਹੋਸ਼ਮੰਦ ਸਿਆਸੀ ਵਿਰੋਧੀ ਹੈ ਕਿਉਂਕਿ ਪੰਜਾਬ ਅੰਦਰ ਕੰਮ ਕਰਦੇ ਆਪਣੇ ਆਪ ਨੂੰ 'ਨਕਸਲੀ' ਲਹਿਰ ਨਾਲ ਸਬੰਧਤ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵੀ ਗਰੁੱਪ ਨੇ ਪੈਗ਼ਾਮ ਨਾਲ ਕਦੇ ਵੀ ਕਿਸੇ ਗੰਭੀਰ ਬਹਿਸ ਦਾ ਅਮਲ ਨਹੀਂ ਤੋਰਿਆ ਹੁਣ ਪਿਛੇ ਜਿਹੇ ਤਾਂ ਜਨਤਕ ਲੀਹ ਅਤੇ ਸੁਰਖ ਰੇਖਾ ਵਲੋਂ ਪੈਗ਼ਾਮ ਉਪਰ ਪੁਲਸ ਮੁੱਖਬਰੀ ਤੇ ਸਰਕਾਰੀ ਟਾਊਟੀ ਕਰਨ ਤੱਕ ਦਾ 'ਸਨਮਾਨ' ਹਾਸਲ ਕਰ ਲਿਆ ਹੈ। ਪਿਛਲੇ ਤਜਰਬੇ ਦੇ ਆਧਾਰ ਤੇ ਇਹ ਵੀ ਕਿਹਾ ਜਾ ਸਕਦੈ ਕਿ ਇਹ ਸਾਥੀ ਪੱਤੜ ਦੀ ਹੀ ਪੱਤ ਝਾੜ ਦੇਣ ਅਤੇ ਗੁਰਸ਼ਰਨ ਭਾ ਜੀ ਨੂੰ ਫੁਰਮਾਨ ਜਾਰੀ ਹੋ ਸਕਦੈ ਕਿ ਅੱਗੇ ਤੋਂ ਅਜਿਹੀ ਬਹਿਸ ਨੂੰ ਸਮਤਾ 'ਚ ਕੋਈ ਥਾਂ ਨਹੀਂ ਦੇਣੀ ਚਾਹੀਦੀ।

ਪਰ ਤੁਸੀ ਇਕਬਾਲ ਸਿੰਘ ਵਲੋਂ ਉਠਾਏ ਨੁਕਤਿਆਂ ਤੇ ਬਹਿਸ ਅੱਗੇ ਤੋਰਨ ਦੀ ਮੰਗ ਕੀਤੀ ਹੈ ਜਿਸ ਕਰਕੇ ਤੁਹਾਡੇ ਵਲੋਂ ਚੁੱਕਿਆ ਇਹ ਕਦਮ ਵੀ ਸੁਆਗਤਯੋਗ ਹੈ ਜਿਥੋਂ ਤੱਕ ਸਾਥੀ ਨੇ ਪੁੱਛਿਆ ਹੈ ਕਿ ਤੁਹਾਨੂੰ ਅਤੇ ਕਈ ਨਕਸਲੀ ਗਰੁੱਪਾਂ ਨੂੰ ਸਰਕਾਰ ਇਨਾਮਾਂ ਅਤੇ ਹਥਿਆਰਾਂ ਦੀ ਪੇਸ਼ਕਸ਼ ਕਰ ਹੀ ਕਿਉਂ ਰਹੀ ਹੈ? ਕੀਤੀ ਵੀ ਉਨ੍ਹਾਂ ਲੋਕਾਂ ਨੂੰ ਜਾਂਦੀ ਹੈ ਜਿਹੜੇ ਆਪਣੇ ਆਪ ਨੂੰ ਇਸ ਗੱਲ ਦੇ ਮੁਦੱਈ ਅਖਵਾਉਂਦੇ ਹਨ ਕਿ 'ਅਸੀਂ ਭਾਰਤੀ ਸਟੇਟ ਨੂੰ ਹਥਿਆਰ ਬੰਦ ਘੋਲ ਰਾਹੀਂ ਉਲਟਾਉਣਾ ਹੈ। ਹਾਲਾਂ ਕਿ ਸਿੱਖ ਸੰਗਠਨ ਤਾਂ ਹਿੰਦੋਸਤਾਨ ਵਿਚੋਂ ਸਿਰਫ ਇਕ ਛੋਟਾ ਜਿਹਾ ਹਿੱਸਾ ਹੀ ਆਪਣੇ ਵਿਸ਼ੇਸ਼ ਅਧਿਕਾਰ ਹੇਠ ਲਿਆਉਣਾ ਚਾਹੁੰਦੇ ਹਨ ਇਹ ਸਾਰੀ ਦੁਨੀਆਂ ਨੂੰ ਆਪਣੇ ਅਧਿਕਾਰ ਹੇਠ ਲੈਣਾ ਚਾਹੁੰਦੇ ਹਨ। ਇਥੇ ਫਿਰ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਇਨ੍ਹਾਂ ਨਕਸਲੀਆਂ ਪ੍ਰਤੀ ਅਤੇ ਸਿਖ ਖਾੜਕੂਆਂ ਪ੍ਰਤੀ ਸਟੇਟ ਦੇ ਰਵਈਏ 'ਚ ਇਹ ਫਰਕ ਕਿਉਂ ਹੈ ਜੁਆਬ ਸਿੱਧਾ ਅਤੇ ਸਪਸ਼ਟ ਹੈ ਕਿ ਭਾਰਤ ਦੀ ਫਿਰਕੂ ਸਟੇਟ ਅਤੇ ਇਹ 'ਨਕਸਲੀ' ਸੰਗਠਨ ਪੰਜਾਬ ਦੇ ਮਸਲੇ ਤੇ ਸਿੱਖ ਖਾੜਕੂ ਸੰਗਠਨਾਂ ਨਾਲ ਨਿਬੜਨ ਲਈ ਇਕ ਮੱਤ ਹਨ। 'ਸੁਰਖ ਰੇਖਾ' ਤਾਂ ਭਾਰਤ ਦੀ 'ਏਕਤਾ ਅਤੇ ਅਖੰਡਤਾ' ਦੇ ਸਵਾਲ ਉਪਰ ਕਾਂਗਰਸ, ਭਾਜਪਾ, ਸੀ, ਪੀ. ਆਈ, ਸੀ. ਪੀ. ਐਮ ਅਤੇ ਹਿੰਦੂ ਕੱਟੜ ਫਿਰਕਾ ਪ੍ਰਸਤਾਂ ਨਾਲ ਇਕ ਮਤ ਹੈ। ਭਾਰਤ ਨਾਂ ਦੇਸ਼ ਵਿਚ ਚੱਲ ਰਹੀਆਂ ਕੌਮੀ ਮੁਕਤੀ ਦੀਆਂ ਲਹਿਰਾ ਉਪਰ ਬੜੀ ਬੇਸ਼ਰਮੀ ਨਾਲ ਉਪਰੋਕਤ ਪਿਛਾਖੜੀ ਤੇ ਮੌਕਾਪ੍ਰਸਤ ਪਾਰਟੀਆਂ ਵਾਂਗ ਵੱਖਵਾਦੀ ਅਤੇ ਵਿਦੇਸ਼ੀ ਏਜੰਟ ਹੋਣ ਦਾ ਠੱਪਾ ਲਾ ਕੇ ਉਨਾਂ ਨੂੰ ਜਬਰ ਨਾਲ ਕੁਚਲਣ ਲਈ ਹਰੀ ਝੰਡੀ ਦੇ ਦਿੰਦੇ ਹਨ।

ਉਹ ਹਾਕਮ ਜਿਹੜੇ ਅੱਜ ਵੀ ਭਾਰਤ ਦੇ ਦੂਜੇ ਸੂਬਿਆਂ 'ਚ ਨਕਸਲਬਾੜੀ ਦੇ ਸੂਰਮਿਆਂ ਵਲੋਂ ਚਲਾਈ ਜਾ ਰਹੀ ਹਥਿਆਰ ਬੰਦ ਜੱਦੋ ਜਹਿਦ ਨੂੰ ਖੂਨ ਦੇ ਸਾਗਰਾਂ 'ਚ ਡੁਬੋ ਕੇ ਸਦਾ ਲਈ ਖਤਮ ਕਰਨਾ ਚਾਹੁੰਦੇ ਹਨ ਅਤੇ ਭਾਰਤੀ ਇਤਿਹਾਸ 'ਚੋਂ ਨਕਸਲਬਾੜੀ ਨਾਂ ਨੂੰ ਸਦਾ ਮਿਟਾਉਣਾ ਚਾਹੁੰਦੇ ਹਨ ਉਹੀ ਹਾਕਮ ਭਲਾ ਉਸੇ ਵੇਲੇ ਪੰਜਾਬ ਅੰਦਰ 'ਨਕਸਲੀਆਂ' ਨੂੰ ਡਾਂਗਾਂ ਗੰਡਾਸੇ, ਤਲਵਾਰਾਂ ਲੈ ਕੇ ਮੁਜ਼ਾਹਰੇ ਕੱਢਣ ਦੀ ਇਜਾਜ਼ਤ ਕਿਉਂ ਦਿੰਦੇ ਹਨ? ਸਗੋਂ ਇਨਾਂ ਦੀ ਰਾਖੀ ਲਈ ਪੁਲਸ ਫੋਰਸ ਮੁਜਾਹਰਿਆਂ ਦੇ ਨਾਲ ਹੁੰਦੀ ਹੈ। ਇਸ ਗੱਲ 'ਚ ਕੀ ਰਾਜ਼ ਹੈ? ਦੂਜੇ ਹੀ ਭਲਾ ਪੰਜਾਬ ਦੇ ਕੁਦਰਤੀ ਸਾਧਨਾਂ ਤੇ ਪੰਜਾਬੀ ਕੌਮ ਦੀ ਮਾਲਕੀਅਤ ਹੋਣੀ ਚਾਹੀਦੀ ਹੈ ਜਾਂ ਕੇਂਦਰ ਦੀ। ਜੇ ਅੱਜ ਕੋਈ ਵੱਧ ਅਧਿਕਾਰਾਂ ਲਈ ਜਮਹੂਰੀ ਨਜ਼ਰੀਏ ਤੋਂ ਲੜਦਾ ਹੈ ਤੇ ਇਨਾਂ ਹੱਕਾਂ

ਦੀ ਪ੍ਰਾਪਤੀ ਉਨਾਂ ਦਾ ਜਮਹੂਰੀ ਹੱਕ ਹੋਵੇ ਤਾਂ ਉਨਾਂ ਪ੍ਰਤੀ ਨਕਸਲੀਆਂ ਦਾ ਉਹ ਰਵਈਆ ਹੋਵੇਗਾ ਜਿਹੜਾ ਅੱਜ ਫਰੰਟ ਵਲੋਂ ਤਹਿ ਕੀਤਾ ਗਿਆ ਹੈ। ਕਿ ਇਹ ਤਾਂ ਦੋਸ ਦਰਜੇ ਦੀ ਗੱਲ ਹੈ। ਭਲਾ ਚੰਡੀਗੜ੍ਹ ਪੰਜਾਬ ਨੂੰ ਨਾ ਦੇਣੇ, ਬਿਜਲੀ ਅਤੇ ਪਾਣੀਆਂ ਪ੍ਰਤੀ ਅਧਿਕਾਰਤ ਕਨੂੰਨ ਸਿਰਫ ਪੰਜਾਬ 'ਚ ਨਾ ਲਾਗੂ ਕਰਕੇ ਕੀ ਪੰਜਾਬੀ ਲੋਕਾਂ ਪ੍ਰਤੀ ਦਰਿਆਂਤ ਵਾਲਾ ਰਵੱਈਆ ਨਹੀਂ ? ਜੇਲਾ ਅੰਦਰ ਸੜ ਰਹੇ ਹਜ਼ਾਰਾਂ ਸਿੱਖ ਕੈਦੀ ਜਿੰਨਾਂ ਦਾ ਕਸੂਰ ਸਿਰਫ ਭਾਰਤੀ ਹਾਕਮਾਂ ਦੀ ਰਜ਼ਾ ਤੋਂ ਆਕੀ ਹੋਣਾ ਹੀ ਹੈ, ਜੇਲ੍ਹਾਂ ਅੰਦਰ ਸੜ ਰਹੇ ਹਨ ਉਨਾਂ ਦੀ ਰਿਹਾਈ ਦਾ ਮਸਲਾ ਦੋਸ਼ ਦਰਜੇ ਦਾ ਮਸਲਾ ਹੈ ? ਭਾਰਤ ਦੇ ਇਤਿਹਾਸ ਅੰਦਰ ਇਹ ਪਹਿਲੀ ਵਾਰ ਹੈ ਕਿ ਇਕ ਫਿਰਕੇ ਦੇ ਹਜ਼ਾਰਾਂ ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕਰਨ ਅਤੇ ਕਰਵਾਉਣ ਵਾਲੇ ਲੋਕ ਹਕੂਮਤੀ ਕੁਰਸੀਆਂ ਤੇ ਬਿਰਾਜਮਾਨ ਹੋਣ ਅਤੇ ਉਨ੍ਹਾਂ ਦੇ ਸ਼ੌਕ ਤੇ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਵਾਲਾ ਸਵੀਧਾਨ ਹੋਣ ਦੀ ਧਾੜੀ ਮਾਰਨ ਵਾਲੇ ਜ਼ਾਲਮ ਹਾਕਮਾਂ ਨੇ ਪਾਰਲੀਮੈਂਟ 'ਚ ਇਕ ਵੀ ਸ਼ਬਦ ਨਹੀਂ ਬੋਲਿਆ ਇਹ ਵੀ ਦੋਮ ਦਰਜੇ ਦਾ ਮਸਲਾ ਹੈ ?

ਵਿਸ਼ੇਸ਼ ਅਦਾਲਤਾਂ, ਵਿਸ਼ੇਸ਼ ਕਾਨੂੰਨਾਂ ਅਧੀਨ ਮੁਕੱਦਮੇ ਚੱਲਣੇ ਜੋ ਇਤਿਹਾਸ 'ਚ ਪਹਿਲੀ ਵਾਰ ਹੈ ਕੋਈ ਇਹ ਮਸਾਲ ਦੇ ਸਕਦਾ ਹੈ ਕਿ ਵਿਸ਼ੇਸ਼ ਫਿਰਕੇ ਦੇ ਲੋਕਾਂ ਨਾਲ ਹੀ ਇਹ ਵਿਸ਼ੇਸ਼ ਵਿਤਕਰਾ ਕਿਉਂ ? ਕੀ ਇਹ ਸਿਖ ਮਾਨਸਕਤਾਂ ਜੋ ਅੱਜ ਬੁਰੀ ਤਰ੍ਹਾਂ ਫੱਟੜ ਹੋਈ ਪਈ ਐ ਉਸ ਉਪਰ ਮਲ੍ਹਮ ਲਾਉਣ ਲਈ ਭਾਰਤ ਦੇ ਖ਼ਰੇ ਜਮਹੂਰੀਅਤ ਪਸੰਦ ਲੋਕਾਂ ਦਾ ਕੰਮ ਨਹੀਂ ? ਇਸ ਤੋਂ ਬਿਨਾਂ ਭਾਰਤ ਦੇ ਬਹੁ ਕੌਮੀ, ਬਹੁ ਭਾਤੀ ਅਤੇ ਜਾਤਪਾਤੀ ਪ੍ਰਬੰਧ ਦੀਆਂ ਨੀਹਾਂ ਉਪਰ ਢਾਂਚੇ ਅੰਦਰ ਉਠ ਰਹੀਆਂ ਕੌਮੀ ਜਾਤਪਾਤੀ ਪ੍ਰਬੰਧ ਦਾ ਨਾਸ ਕਰਨ ਲਈ ਅਤੇ ਧਾਰਮਕ ਘੱਟ ਗਿਣਤੀਆਂ ਲਈ ਬਰਾਬਰ ਦਾ ਦਰਜਾ ਹਾਸਲ ਕਰਨ ਲਈ, ਲਹਿਰਾਂ ਨਿਰਾਪੂਰਾ ਪਿਛਾਖੜੀ ਪਣ ਹੈ ? ਕੀ ਕੋਈ ਇਹ ਦੱਸ ਸਕਦੈ ਕਿ ਨਾਗਾਲੈਂਡ, ਮੀਜ਼ੋਰਮ, ਅਸਾਮ, ਤਰੀਪੁਰਾ, ਗੋਆ, ਉਤਰਾਖੰਡ, ਝਾਰਖੰਡ, ਗੋਰਖਾਲੈਂਡ ਆਦਿ ਖੇਤਰਾਂ 'ਚ ਬਣੀਆਂ ਕੌਮੀਮੁਕਤੀ ਫੋਰਸਾਂ ਕੀ ਪਿਛਾਖੜੀ ਹਨ ? ਕਿਉਂਕਿ ਇਨ੍ਹਾਂ ਲਹਿਰਾਂ ਦੀ ਅਗਵਾਈ ਗੈਰ ਕਮਿਉਨਿਸਟ ਤਾਕਤਾਂ ਦਾ ਹੱਥ ਵੱਧ ਹੈ। ਭਲਾ ਆਂਧਰਾ ਪ੍ਰਦੇਸ ਦੇ ਪੀਪਲਜ਼ ਵਾਰ ਗਰੁੱਪ ਬਾਰੇ ਇਹਨਾਂ ਦੀ ਕੀ ਪੁਜੀਸ਼ਨ ਹੈ ਜੋ ਪੰਜਾਬ ਅੰਦਰ ਚੱਲ ਰਹੀ ਲਹਿਰ ਨੂੰ ਸਿਖਾਂ ਅਤੇ ਪੰਜਾਬੀ ਲੋਕਾਂ ਦੀ ਹੱਕੀ ਲਹਿਰ ਮੰਨਦਾ ਹੈ ? ਗੁਰਸ਼ਰਨ ਭਾਅ ਜੀ ਇਹ 'ਨਕਸਲੀਏ' ਇਹ ਦੱਸ ਸਕਦੇ ਹਨ ਕਿ 20 ਸਾਲਾਂ ਤੋਂ ਅੱਜ ਤੱਕ ਇਹਨਾਂ ਦੇ ਹਥਿਆਰਬੰਦ ਘੋਲ ਦੀ ਕੀ ਪੁਜੀਸ਼ਨ ਹੈ ? ਸੋ ਅਸੀਂ ਇਕਬਾਲ ਪੱਤੜ ਸਮੇਤ ਹੋਰ ਸਾਥੀਆਂ ਤੋਂ ਇਹ ਮੰਗ ਕਰਦੇ ਹਾਂ ਕਿ ਉਹ ਇਨਾਂ ਮਸਲਿਆਂ ਤੇ ਇਨ੍ਹਾਂ ਨਕਸਲੀਆਂ ਤੋਂ ਆਪਣੀ ਪੁਜ਼ੀਸ਼ਨ ਸਪਸ਼ਟ ਕਰਾਉਣ ਜੋ ਭਾਰਤੀ ਇਨਕਲਾਬ ਦੀ ਆਪਣੇ ਨਾ ਜਾਅਲੀ ਵਸੀਅਤ ਕਰਵਾਈ ਫਿਰਦੇ ਹਨ ਅਤੇ ਲੋਕ ਕਚਹਿਰੀ ਨੂੰ ਗੁਮਰਾਹ ਕਰ ਰਹੇ ਹਨ। ਮੈਂ ਗੁਰਸ਼ਰਨ ਭਾਅ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਉਹ, ਮੈਂ ਚਿੱਠੀ ਵਿਚ ਜੋ ਨੁਕਤੇ ਉਠਾਏ ਹਨ ਜਾਂ ਸਾਥੀ ਪੱਤੜ ਵਲੋਂ ਉਠਾਏ ਗਏ ਹਨ ਗੰਭੀਰ ਬਹਿਸ ਚਲਾਉਣ ਭਰਪੂਰ ਹੁੰਗਾਰੇ ਦੀ ਆਸ ਨਾਲ —ਗੁਰਮੇਲ ਸਿੰਘ

**3. ਇਕਬਾਲ ਸਿੰਘ ਪੱਤੜ ਦੇ ਵਿਚਾਰਾਂ ਬਾਰੇ :**

ਸਮਤਾ ਮਈ 87 ਦੇ ਪਾਠਕ ਲੇਖਕ ਫੋਰਮ 'ਚ ਸਫ਼ਾ 12 ਉਪਰ ਇਕਬਾਲ ਸਿੰਘ ਦੀ ਟਿਪਣੀ ਦੇ ਨੰਬਰ 2 ਅਤੇ 3 ਨੁਕਤਿਆਂ ਅਨੁਸਾਰ ਖਾਲਿਸਤਾਨੀ ਦਹਿਸ਼ਤ-ਗਰਦਾਂ ਨਾਲ ਵਿਚਾਰਧਾਰਕ ਲੜਾਈ 'ਚ ਕਮਿਊਨਿਸਟ ਇਨਕਲਾਬੀਆਂ ਦੀਆਂ ਪੁਜ਼ੀਸ਼ਨਾਂ ਸਰਕਾਰ ਅਤੇ ਹਿੰਦੂ ਸ਼ਾਵਨੇਵਾਦ ਨਾਲ ਜਾ ਮਿਲਦੀਆਂ ਹਨ। ਇਹ ਪੜ੍ਹ ਕੇ ਹੈਰਾਨੀ ਹੋਈ। ਜਦੋਂ ਕਿ ਸਰਕਾਰ ਤਾਂ ਆਖਦੀ ਹੈ ਕਿ ਇਹ ਅਤਿਵਾਦੀ ਵਖਵਾਦੀ ਲਹਿਰ ਬਦੇਸ਼ੀ ਸ਼ਕਤੀਆਂ ਦੇ ਇਸ਼ਾਰੇ 'ਤੇ ਦੇਸ਼ ਦੇ ਟੋਟੇ ਟੋਟੇ ਕਰਨ ਲਈ ਚਲਾਈ ਜਾ ਰਹੀ ਹੈ ਪਰ ਅਸੀਂ ਇਸ ਲਈ ਬੁਨਿਆਦੀ ਜੁੰਮੇਂਵਾਰ ਇਸ ਢਾਂਚੇ ਨੂੰ ਸਮਝਦੇ ਹਾਂ। ਤੇ ਹਰ ਤਰ੍ਹਾਂ ਦੀ ਫਿਰਕਾ ਪ੍ਰਸਤੀ ਚਾਹੇ ਉਹ ਖਾਲਿਸ-ਤਾਨੀਆਂ ਵਲੋਂ ਹੋਵੇ, ਹਿੰਦੂ ਸ਼ਿਵ ਸੈਨਾ, ਆਰ. ਐਸ. ਵਲੋਂ ਹੋਵੇ ਜਾਂ ਮੁਸਲਮ ਆਦਮ ਸੈਨਾ ਵਾਲਿਆਂ ਦੀ, ਡਟ ਕੇ ਖਿਲਾਫ਼ ਹਾਂ। ਅਗੇ ਇਕਬਾਲ ਸਿੰਘ ਲਿਖਦੇ ਹਨ ਸਾਨੂੰ ਤਾਮਿਲਾਂ ਬਾਰੇ ਵੀ ਸਟੈਂਡ ਸਪਸ਼ਟ ਕਰਨਾ ਹੋਵੇਗਾ। ਤਾਮਿਲ ਲਹਿਰ ਬਾਰੇ ਸ੍ਰੀ ਲੰਕਾ ਦੇ ਕਮਿਊ-ਨਿਸਟ ਸਾਡੇ ਨਾਲੋਂ ਵਧੇਰੇ ਚੰਗੀ ਤਰ੍ਹਾਂ ਜਾਣਦੇ ਹਨ। ਉਹ ਉਹਨਾਂ ਬਾਰੇ ਵਿਸ਼ਲੇਸ਼ਣ ਕਰ ਲੈਣਗੇ। ਤੇ ਉਹੀ ਸਾਡਾ ਸਟੈਂਡ ਹੋਵੇਗਾ। ਇਹ ਕਿਥੋਂ ਦਾ ਮਾਰਕਸਵਾਦ ਹੈ ਕਿ ਪੰਜਾਬ ਦੇ ਕਮਿਉਨਿਸਟ ਸ੍ਰੀ ਲੰਕਾ ਦੀ ਲਹਿਰ ਦਾ ਵਿਸ਼ਲੇਸ਼ਣ ਕਰਨ ਅਤੇ ਸ੍ਰੀ ਲੰਕਾ ਵਾਲੇ ਪੰਜਾਬ ਦੀਆਂ ਲਹਿਰਾਂ ਦਾ।

ਅਗਾਂਹ ਨੁਕਤਾ ਨੰਬਰ 5 'ਚ ਲੈਨਿਨ ਦੀ ਇਕ ਸਤਰ 'ਚੋਂ ਮਨਮਰਜ਼ੀ ਦੇ ਅਰਥ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਦੋਂ ਕਿ ਇਹ ਪੁਰਾਣੇ ਸਮਿਆਂ ਵੱਲ ਇਸ਼ਾਰਾ ਕਰਦੀ ਹੈ ਜਦੋਂ ਜਮਹੂਰੀ ਵਿਚਾਰਧਾਰਾ ਆਜ਼ਾਦ ਤੌਰ ਤੇ ਵਿਕਸਿਤ ਨਹੀਂ ਸੀ ਹੋਈ, ਤੇ ਤਬਦੀਲੀ ਦੀ ਅਗਵਾਈ ਨਵੀਆਂ ਧਾਰਮਕ ਸੁਧਾਰ ਲਹਿਰਾਂ ਨੇ ਕੀਤੀ ਸੀ। ਪਰ ਉਹ ਵੇਲੇ ਹੁਣ ਵਿਹਾ ਚੁਕੇ ਹਨ। ਤੇ ਅੱਜ ਜਦੋਂ ਇਕ ਜਮਹੂਰੀ, ਵਿਕਸਿਤ ਤੇ ਲੋਕਪੱਖੀ ਫ਼ਲਸਫ਼ਾ

ਸਾਡੇ ਕੋਲ ਹੈ ਤਾਂ ਅਸੀਂ ਕਿਉਂ ਧਰਮ ਦੀਆਂ ਆੜਾਂ ਲੈਂਦੇ ਫਿਰੀਏ ?

ਇਸ ਦੇ ਨਾਲ ਹੀ ਕੋਈ ਵੀ ਧਾਰਮਿਕ ਲਹਿਰ ਜਦੋਂ ਤੱਕ ਉਹ ਇਕ ਲਹਿਰ ਵਜੋਂ ਵਿਚਰਦੀ ਹੈ, ਤਾਂ ਉਸ ਦਾ ਅਗਾਂਹ ਵਧੂ ਹੁੰਦਾ ਹੈ। ਪਰ ਜਦੋਂ ਹੀ ਉਹ ਲਹਿਰ ਤੋਂ ਇਕ ਬਾਕਾਇਦਾ ਧਰਮ 'ਚ ਤਬਦੀਲ ਹੋਣੀ ਸ਼ੁਰੂ ਹੋ ਜਾਂਦੀ ਹੈ ਤਾਂ ਉਹਦਾ ਰੋਲ ਪਿਛਾਂਹ ਖਿਚੂ ਹੋ ਜਾਂਦਾ। ਸਿਖ ਲਹਿਰ ਵੀ ਜਿਹੜੀ ਮਿਸਲਾਂ ਦੀ ਕਾਇਮੀ ਤੱਕ ਜਾਤਾਂ ਪਾਤਾਂ, ਜਗੀਰੂ ਤੇ ਮਜ਼ਬੀ ਜਬਰ ਵਿਰੋਧੀ ਲਹਿਰ ਸੀ, ਰਣਜੀਤ ਸਿੰਘ ਦੇ ਰਾਜ ਵੇਲੇ ਤੋਂ ਉਹਨਾਂ ਦੀ ਕਦਰਾਂ ਕੀਮਤਾਂ ਦੀ ਧਾਰਨੀ ਹੋ ਗਈ ਜਿੰਨਾਂ ਦੇ ਵਿਰੋਧ ਵਜੋਂ ਇਹ ਉਪਜੀ ਸੀ। ਇਹੋ ਹਾਲ ਬੁੱਧ, ਜੈਨ, ਈਸਾਈ, ਮੁਸਲਿਮ ਆਦਿ ਦੂਸਰੇ ਧਰਮਾਂ ਦਾ ਹੈ।

ਭਾਰਤ ਦੇ ਬਹੁਤੇ ਕਮਿਊਨਿਸਟ ਇਥੋਂ ਦੀਆਂ ਹਾਲਤਾਂ ਨੂੰ ਅਣਡਿਠ ਕਰਕੇ ਮਾਰਕਸਵਾਦ ਨੂੰ ਮਕੈਨੀਕਲ ਢੰਗ ਨਾਲ ਲਾਗੂ ਕਰਨ ਦੇ ਯਤਨਾਂ 'ਚ ਸਿਰੇ ਦੀ 'ਸ਼ੁਧ-ਇਨਕਲਾਬੀ' ਸਟੈਂਡ ਲੈਂਦੇ ਰਹੇ ਹਨ ਤੇ ਲੈਂਦੇ ਹਨ। ਇਹੋ ਕਾਰਨ ਹੈ ਕਿ ਇਥੇ ਕਮਿਊਨਿਸਟ ਲਹਿਰ ਦਾ ਇਤਿਹਾਸ ਅੱਧੀ ਸਦੀ ਤੋਂ ਵਧੇਰੇ ਹੋ ਜਾਣ ਉਪਰ ਵੀ, ਪ੍ਰਾਪਤੀਆਂ ਘੱਟ, ਗਲਤੀਆਂ ਅਤੇ ਬੇਵਕੂਫੀਆਂ ਵਧ ਹਨ।

**ਬਲਬੀਰ ਪਰਵਾਨਾ**

—ਪਾਠਕ ਲੇਖਕ ਫੋਰਮ ਵਿਚ ਇਹ ਚਿੱਠੀਆਂ

**ਗੁਰਸ਼ਰਨ ਸਿੰਘ ਵਲੋਂ ਟਿਪਣੀ :**

ਇਕ ਬਹਿਸ ਨੂੰ ਅਗੇ ਲਿਜਾਣ ਲਈ ਦਿਤੀਆਂ ਗਈਆਂ ਹਨ। ਵਡਾ ਸਵਾਲ ਜੋ ਇਥੇ ਅਗੇ ਆਇਆ ਹੈ, ਉਹ ਇਹ ਹੈ ਕਿ ਸਿਖ ਸੰਗਠਨਾਂ ਵਲੋਂ ਜੋ ਸੰਘਰਸ਼ ਪੰਜਾਬ ਵਿਚ ਚਲਾਇਆ ਜਾ ਰਿਹਾ ਹੈ ਅਤੇ ਜਿਸਨੂੰ ਕੇਂਦਰੀ ਸਰਕਾਰ ਵਲੋਂ ਸਖਤੀ ਨਾਲ ਦਬਾਉਣ ਦੇ ਸਾਰੇ ਕਦਮ ਚੁਕੇ ਜਾ ਰਹੇ ਹਨ, ਉਹਨਾਂ ਬਾਰੇ ਕਮਿਊਨਿਸਟ ਇਨਕਲਾਬੀਆਂ ਦੀ ਕੀ ਪਹੁੰਚ ਹੋਵੇ ? ਕੁਝ ਸਵਾਲ ਵੀ ਪੁੱਛੇ ਗਏ ਹਨ। ਸਵਾਲ ਪੁਛਣ ਵਾਲਿਆਂ ਕੋਲੋਂ ਵੀ ਕੁਝ ਸਵਾਲ ਪੁਛਣੇ ਜ਼ਰੂਰੀ ਹਨ ਤਾਂ ਜੋ ਬਹਿਸ ਅਧੀਨ ਮੁੱਦੇ ਨਿਖਰਕੇ ਸਾਹਮਣੇ ਆਉਣ।

o ਸਿੱਖ ਸੰਗਠਨਾ ਵਲੋਂ ਸ਼ੁਰੂ ਕੀਤੀ ਜਿਸ ਲਹਿਰ ਨੂੰ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਨਾਲ ਜੋੜਿਆ ਜਾ ਰਿਹਾ ਹੈ, ਇਹ 1978 ਵਿਚ ਕਿਸ ਨਿਸ਼ਾਨੇ ਨਾਲ ਸ਼ੁਰੂ ਹੋਈ ਸੀ ? ਸਾਫ ਜਵਾਬ ਹੈ ਕਿ ਇਹ ਸਿਖ ਨਿਰੰਕਾਰੀ ਝਗੜੇ ਦੀ ਸ਼ਕਲ ਵਿਚ ਸ਼ੁਰੂ ਹੋਈ ਸੀ। ਇਸਨੂੰ ਸ਼ਹਿ ਦੇਣ ਵਾਲਿਆਂ ਵਿਚੋਂ ਗਿਆਨੀ ਜ਼ੈਲ ਸਿੰਘ ਵੀ ਸੀ ਜੋ ਦਲ ਖਾਲਸਾ ਦਾ ਬਾਨੀ ਸੀ ਉਹ ਅਕਾਲੀ ਜੰਤਾ ਸਰਕਾਰ ਲਈ ਸਿਰ ਦਰਦੀ ਪੈਦਾ ਕਰਨਾ ਚਾਹੁੰਦਾ ਸੀ। ਕੀ ਉਹਦਾ ਪੰਜਾਬੀ ਕੌਮ ਦੀ ਮੁਕਤੀ ਨਾਲ ਕੋਈ ਸੰਬੰਧ ਸੀ ?

o ਸੰਤ ਭਿੰਡਰਾਂ ਵਾਲਾ ਦੀ ਰਹਿਨੁਮਾਈ ਵਾਲੇ ਸਿਮੇਂ ਉਤੇ ਗੌਰ ਕੀਤਾ ਜਾਏ। ਉਸ ਵਲੋਂ ਚਲਾਏ ਗਏ ਅੰਦੋਲਨ ਦੇ ਸਾਰੇ ਲੱਛਣ ਧਾਰਮਕ ਮੂਲਵਾਦੀ ਕਦਰਾਂ ਕੀਮਤਾਂ ਦੀ ਮੁੜ ਸੁਰਜੀਤੀ ਲਈ ਸਨ। ਕੀ ਪੰਜਾਬੀ ਕੌਮ ਦੀ ਮੁਕਤੀ ਨਾਲ ਉਹਦਾ ਕੋਈ ਸਬੰਧ ਸੀ ?

o ਜੂਨ 1984 ਤੋਂ ਪਹਿਲਾਂ ਸਿਖ ਸੰਗਠਨਾਂ ਵਲੋਂ 532 ਸਾਧਾਰਨ ਹਿੰਦੂਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਕੀ ਪੰਜਾਬ ਵਿਚ ਰਹਿ ਰਹੇ ਹਿੰਦੂ ਪੰਜਾਬੀ ਕੌਮ ਦਾ ਹਿੱਸਾ ਨਹੀਂ ਹਨ ? ਇਹ ਗਲ ਨੋਟ ਕਰਨ ਵਾਲੀ ਹੈ ਕਿ ਇਸ ਸਚਾਈ ਨੂੰ ਜਦੋਂ ਵੀ ਅਗੇ ਲਿਆਇਆ ਜਾਂਦਾ ਹੈ, ਝੱਟ ਮਿਸਾਲ ਦਿਲੀ, ਕਾਨਪੁਰ ਅਤੇ ਹੋਰਨਾਂ ਥਾਵਾਂ ਦੀ ਦਿਤੀ ਜਾਂਦੀ ਹੈ, ਜਿਥੇ ਸਿਖਾਂ ਦਾ ਕਤਲੇਆਮ ਕੀਤਾ ਗਿਆ। ਇਸ ਵਿਚ ਸ਼ਕ ਨਹੀਂ ਕਿ ਇਸ ਸਿਲਸਲੇ ਵਿਚ ਭਾਰਤੀ ਸਟੇਟ ਦਾ ਗੁਨਾਹ ਬੜਾ ਵਡਾ ਹੈ, ਜੋ ਕਦੀ ਵੀ ਮੁਆਫ ਨਹੀਂ ਕੀਤਾ ਜਾ ਸਕਦਾ ਪਰ ਇਹਦੇ ਨਾਲ ਸਿਖ ਸੰਗਠਨਾਂ ਵਲੋਂ ਕੀਤੇ ਜਾਂ ਹੁਣ ਵੀ ਕੀਤੇ ਜਾ ਰਹੇ ਸਾਧਾਰਨ ਹਿੰਦੂਆਂ ਦੇ ਕਤਲਾਂ ਦੇ ਗੁਨਾਹ ਉਤੇ ਪਰਦਾ ਨਹੀਂ ਪਾਇਆ ਜਾ ਸਕਦਾ।

o 1977-78 ਤੋਂ ਪਹਿਲਾਂ ਕੋਈ ਘੱਟ ਵੱਧ ਹੀ ਮਿਸਾਲ ਹੈ ਜਦੋਂ ਸਿਖਾਂ ਦੇ ਧਾਰਮਕ ਅਮਲ ਭਾਵੇਂ ਕੀਰਤਨ ਦਰਬਾਰ ਹੋਵੇ, ਅਖੰਡ ਪਾਠ ਹੋਵੇ, ਅਮ੍ਰਿਤ ਪਰਚਾਰ ਹੋਵੇ, ਅਖੰਡ ਪਾਠ ਹੋਵੇ, ਮਹਲੇ ਵਿਚ, ਸੜਕ ਤੇ ਹੋਵੇ ਕਿਸੇ ਵਲੋਂ ਕਿਸੇ ਕਿਸਮ ਦੀ ਰੋਕ ਪਾਈ ਗਈ ਹੋਵੇ। ਇਸ ਦੇ ਉਲਟ ਦਰਜਨਾਂ ਐਸੀਆਂ ਮਿਸਾਲਾਂ ਹਨ ਜਦੋਂ ਇਹਨਾਂ ਕੱਟੜਵਾਦੀ ਸਿਖਾਂ ਨੇ ਜੋ ਹੁਣ ਸਿਖ ਸੰਗਠਨਾ ਦੀ ਰੀੜ ਦੀ ਹੱਡੀ ਹਨ, ਪੰਜਾਬ ਦੇ ਇਤਿਹਾਸ ਬਾਰੇ ਹਰ ਇਕ ਵਿਗਿਆਨਿਕ ਖੋਜ ਨੂੰ ਜ਼ਬਰਦਸਤੀ ਬੰਦ ਕਰਵਾਇਆ। ਨਿਰੰਕਾਰੀ ਭਵਨਾਂ ਨੂੰ ਵੀ ਇਸੇ ਤਰ੍ਹਾਂ ਬੰਦ ਕਰਵਾਇਆ। ਪਿਛਲੇ 8-9 ਸਾਲਾਂ ਵਿਚ ਇਨ੍ਹਾਂ ਹਮੇਸ਼ਾ ਧੱਕੇ ਦਾ ਅੰਸ਼ ਹੀ ਭਾਰੂ ਰਿਹਾ ਹੈ। ਆਪਣੇ ਵਿਰੋਧੀਆਂ ਨੂੰ ਤਰਕ ਨਾਲ ਨਹੀਂ ਸਗੋਂ ਧਮਕੀਆਂ ਅਤੇ ਹਥਿਆਰਾਂ ਨਾਲ ਚੁਪ ਕਰਾਉਣ ਦੀ ਨੀਤੀ ਇਹਨਾਂ ਵਲੋਂ ਹਮੇਸ਼ਾਂ ਅਪਣਾਈ ਗਈ ਹੈ। ਪੰਜਾਬੀ ਕੌਮ ਦੀ ਮੁਕਤੀ ਵਰਗਾ ਕੋਈ ਵੀ ਸੰਜੀਦਾ ਰਾਜਸੀ ਨਿਸ਼ਾਨਾ ਇਸ ਲਹਿਰ ਦਾ ਨਹੀਂ ਹੈ। ਨਾਂ ਹੀ ਇਸ ਲਹਿਰ ਨੇ ਕਦੀ ਭੁੱਲ ਭੁਲੇਖੇ ਨਾਲ ਵੀ ਦਾਅਵਾ ਕੀਤਾ ਹੈ। ਇਹਨਾਂ ਦੀ ਆਪ ਹੁਦਰੀਆਂ ਦੀ ਰੌਸ਼ਨੀ ਵਿਚ ਨਕਸਲੀ ਵਿਚਾਰਧਾਰਾ ਦੇ ਪੈਗ਼ਾਮ ਗਰੁੱਪ ਨੂੰ ਵੀ ਆਪਣੇ ਪੈਗਾਮ ਦੇ ਮਈ ਅੰਕ

ਵਿਚ ਇਹਨਾਂ ਦੇ ਵਿਰੁਧ ਲਿਖਣਾ ਪਿਆ ਹੈ। ਨਾਈਆਂ ਦਰਜ਼ੀਆਂ ਝੱਟਕਈਆਂ ਆਦਿਕ ਦੇ ਖੋਖੇ ਸਾੜਨੇ, ਇਹ ਕਿਹੋ ਜਿਹੀ ਪੰਜਾਬੀ ਕੌਮ ਦੀ ਮੁਕਤੀ ਹੈ ?

o ਨਕਸਲੀਆਂ ਦੀਆਂ ਆਪਣੀਆਂ ਕਈ ਜਥੇ-ਬੰਦਕ ਘਾਟਾਂ ਹੋ ਸਕਦੀਆਂ ਹਨ। ਉਹ ਆਪਣੇ ਨਿਸ਼ਾਨੇ ਵਲ ਨਹੀਂ ਵੱਧ ਸਕੇ, ਪਰ ਇਹਦਾ ਇਹ ਮਤਲਬ ਤਾਂ ਨਹੀਂ ਕਿ ਉਹਨਾਂ ਨੂੰ ਮਿਹਣੇ ਦੇ ਕੇ ਇਕ ਗ਼ਲਤ ਕਿਸਮ ਦੀ ਲਹਿਰ ਦਾ ਸਿਮਰਥਨ ਕਰਨ ਲਈ ਮਜਬੂਰ ਕੀਤਾ ਜਾਏ। ਉਹ ਇਸ ਲਹਿਰ ਦੇ ਵਿਰੋਧੀ ਹਨ, ਪਰ ਉਹਨਾਂ ਦਾ ਸਟੈਂਡ ਸਮਝ ਬਿਨਾਂ ਉਹਨਾਂ ਉਤੇ ਇਹ ਇਲਜ਼ਾਮ ਲਗਾ ਦਿਤਾ ਜਾਏ ਕਿ ਉਹ ਸਰਕਾਰ ਦੇ ਹੱਕ ਵਿਚ ਭੁਗਤ ਰਹੇ ਹਨ, ਇਹ ਕਿਹੋ ਜਿਹੀ ਇਮਾਨਦਾਰੀ ਹੈ ? ਨਕਸਲੀ ਗਰੁਪ ਆਪਣੇ ਜਲਸੇ ਜਲੂਸਾਂ ਦੀ ਹਥਿਆਰ-ਬੰਦ ਹੋ ਕੇ ਰਾਖੀ ਕਰਦੇ ਹਨ। ਇਹ ਉਹਨਾਂ ਦੀ ਲੋੜ ਹੈ ਕਿਉਂਕਿ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਉਹਨਾਂ ਨੂੰ ਖੁਲ੍ਹੀਆਂ ਧਮਕੀਆਂ ਦਿਤੀਆਂ ਜਾਂਦੀਆਂ ਹਨ। ਸਰਕਾਰ ਉਸ ਵਿਚ ਦਖਲ ਅੰਦਾਜ਼ੀ ਨਹੀਂ ਕਰਦੀ ਜਾਂ ਆਪਣੀ ਰਖਿਆ ਫੋਰਸ ਵੀ ਇਹਨਾਂ ਜਲਸਿਆਂ ਦੀ ਰਾਖੀ ਲਈ ਭੇਜਦੀ ਹੈ, ਇਹ ਸਰਕਾਰ ਦੀ ਇਸ ਸਮੇਂ ਆਪਣੀ ਮਜਬੂਰੀ ਹੋ ਸਕਦੀ ਹੈ ਪਰ ਇਹਦਾ ਇਹ ਮਤਲਬ ਕੱਢ ਲੈਣਾ ਕਿ ਨਕਸਲੀ ਸਰਕਾਰ ਦੇ ਹੱਕ ਵਿਚ ਭੁਗਤ ਰਹੇ ਹਨ, ਇਹ ਬਿਲਕੁਲ ਗਲਤ ਨਿਰਨਾ ਹੈ। ਕਲ ਸਰਕਾਰ ਦੀ ਨੀਤੀ ਬਦਲ ਵੀ ਜਾਏ ਤਾਂ ਵੀ ਧੱਕੇ ਅਤੇ ਫਾਸ਼ੀ ਸੋਚ ਦੇ ਵਿਰੁੱਧ ਨਕਸਲੀਆਂ ਦਾ ਸੰਘਰਸ਼ ਜਾਰੀ ਰਹੇਗਾ। ਕਿਹਾ ਜਾ ਸਕਦਾ ਹੈ ਕਿ ਸਰਕਾਰ ਵੀ ਸਿਖ ਸੰਗਠਨਾਂ ਨੂੰ ਧੱਕੇ ਜਬਰ ਅਤੇ ਫਾਸ਼ੀ ਤਰੀਕੇ ਵਰਤਕੇ ਦਬਾਉਂਦੀ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰਦਾ। ਕੀ ਕੋਈ ਐਸੀ ਮਿਸਾਲ ਦਿਤੀ ਜਾ ਸਕਦੀ ਹੈ ਕਿ ਨਕਸਲੀਆਂ ਦੇ ਕਿਸੇ ਵੀ ਗਰੁੱਪ ਨੇ ਸਰਕਾਰ ਦੀ ਇਸ ਨੀਤੀ ਦੀ ਸਮਰਥਨਾ ਕੀਤੀ ਹੋਵੇ ? ਪੁਲਸ ਵਧੀਕੀਆਂ ਅਤੇ ਝੂਠੇ ਪੁਲਸ ਮੁਕਾਬਲਿਆ ਵਿਰੁੱਧ ਜਿੰਨੀ ਨਕਸਲੀ ਵਿਚਾਰਧਾਰਾ ਵਾਲਿਆਂ ਨੇ ਆਵਾਜ਼ ਉਠਾਈ ਹੈ, ਉਨੀ ਹੋਰ ਕਿਸੇ ਨੇ ਨਹੀਂ ਉਠਾਈ। ਸਿਖ ਸੰਗਠਨਾਂ ਦੀ ਪਹੁੰਚ ਤਾਂ ਇਸ ਮਾਮਲੇ ਵਿਚ ਹਮੇਸ਼ਾ ਮਨਫੀ ਹੀ ਰਹੀ ਹੈ। ਪੁਲਸ ਸਾਡੇ ਬੰਦੇ ਮਾਰਦੀ ਹੈ, ਅਸੀਂ ਇਸਦਾ ਬਦਲਾ ਬਸ ਵਿਚ ਸਫਰ ਕਰਨ ਵਾਲੇ ਮੁਸਾਫਰਾਂ ਜਾਂ ਸਕੂਲ ਜਾਂਦੇ ਮਾਸਟਰਾਂ ਕੋਲ ਲਵਾਂਗੇ। ਇਹ ਪੰਜਾਬੀ ਕੌਮ ਦੀ ਮੁਕਤੀ ਦਾ ਕਿਹੋ ਜਿਹਾ ਰਾਹ ਹੈ, ਜਿਸਤੇ ਜ਼ਿਦ ਨਾਲ ਚਲਿਆ ਜਾ ਰਿਹਾ ਹੈ।

o ਸਾਡਾ ਇਹ ਪੱਕਾ ਨਿਰਨਾ ਹੈ ਕਿ ਸਿਖ ਸੰਗਠਨਾਂ ਵਲੋਂ ਚਲਾਈ ਜਾ ਰਹੀ ਲਹਿਰ ਇਕ ਧਾਰਮਕ ਮੂਲਵਾਦੀ ਲਹਿਰ ਹੈ ਅਤੇ ਇਸ ਦਾ ਸਮਰਥਨ ਕਰਨ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ। ਪੈਗ਼ਾਮ ਦੇ ਸਾਥੀਆਂ ਨਾਲ ਜੇਕਰ ਬਹਿਸ ਵਿਚ ਪਿਆ ਜਾ ਸਕਦਾ ਹੈ ਤਾਂ ਇਸ ਨੁਕਤੇ ਤੇ ਹੀ ਪਿਆ ਜਾ ਸਕਦਾ ਹੈ ਕਿ ਪੰਜਾਬੀ ਕੌਮ ਦੀ ਮੁਕਤੀ ਜਾਂ ਕਹਿ ਲਵੋ ਭਾਰਤ ਵਿਚ ਵਸਦੀਆਂ ਹੋਰ ਕੌਮੀਅਤਾਂ ਦੀ ਮੁਕਤੀ ਦਾ ਸਵਾਲ ਭਾਰਤ ਦੇ ਇਨਕਲਾਬ ਦੇ ਪ੍ਰਸੰਗ ਵਿਚ ਅਵਲ ਦਰਜੇ ਦੀ ਮਹੱਤਤਾ ਰੱਖਦਾ ਹੈ ਜਾਂ ਦੋਮ ਦਰਜੇ ਦੀ ਮਹੱਤਤਾ ਰੱਖਦਾ ਹੈ। ਜਾਂ ਇਹਦੇ ਬਾਰੇ ਭਾਰਤ ਪੱਧਰ ਤੇ ਕੀ ਪਹੁੰਚ ਅਪਨਾਣੀ ਹੈ ? ਇਸੇ ਤਰ੍ਹਾਂ ਇਸ ਗੱਲ ਤੇ ਵੀ ਬਹਿਸ ਹੋ ਸਕਦੀ ਹੈ ਕਿ ਸਿਖ ਸੰਗਠਨਾਂ ਵਲੋਂ ਚਲਾਈ ਜਾ ਰਹੀ ਇਸ ਮੂਲਵਾਦੀ ਲਹਿਰ ਦੀ ਕਿਸ ਪੱਧਰ ਤਕ ਵਿਰੋਧਤਾ ਕੀਤੀ ਜਾਏ ਕਿ ਉਹ ਵਿਰੋਧਤਾ ਭਾਰਤੀ ਸਟੇਟ ਦੇ ਹੱਕ ਵਿਚ ਨਾ ਭੁਗਤੇ। ਰੈਡ ਗਾਰਡਾਂ ਜਾਂ ਇਨਕਲਾਬੀ ਲਿਬਰੇਸ਼ਨ ਦੇ ਫੋਰਸ ਦੇ ਐਕਸ਼ਨ ਵੀ ਇਸ ਬਹਿਸ ਅਧੀਨ ਲਿਆਏ ਜਾ ਸਕਦੇ ਹਨ ਕਿ ਉਹ ਕਿਸ ਮਜਬੂਰੀ ਥਲੇ ਕੀਤੇ ਗਏ ਪਰ ਇਹ ਬਹਿਸ ਤਾਂ ਹੀ ਸਾਰਥਕ ਹੋ ਸਕਦੀ ਹੈ ਜੇ ਇਕ ਦੂਜੇ ਵਿਰੋਧ ਪੁਲਸ ਦੇ ਮੁਖਬਰ ਹੋਣ ਜਾਂ ਸਰਕਾਰੀ ਏਜੰਟ ਹੋਣ ਦੇ ਹੋਛੇ ਇਲਜ਼ਾਮਾਂ ਤੋਂ ਗੁਰੇਜ਼ ਕੀਤਾ ਜਾਏ। ਇਹ ਗੱਲ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਨਕਸਲੀਆਂ ਦਾ ਕੋਈ ਗਰੁੱਪ ਭਾਰਤੀ ਸਟੇਟ ਦਾ ਸਮਰਥਕ ਨਹੀਂ ਹੈ/**ਗੁਰਸ਼ਰਨ ਸਿੰਘ**

ਕੁਝ ਹੋਰ ਚਿੱਠੀਆਂ :

### 4. ਸਮਾਜ ਸੁਧਾਰ ਕਲਚਰਲ ਪ੍ਰੋਗਰਾਮਾਂ ਨਾਲ ਜੋੜੇ ਜਾਣ

ਅੱਜਕਲ ਚਲ ਰਹੀ ਅਖੌਤੀ ਸਮਾਜ ਸੁਧਾਰਕ ਮੁਹਿੰਮ ਦੇ ਪ੍ਰਸੰਗ ਵਿਚ ਮੈਂ ਥੋੜੇ ਨਾਲ ਵਿਆਹ ਅਤੇ ਦਹੇਜ ਬਾਰੇ ਇਕ ਵਿਚਾਰ ਸਾਂਝਿਆਂ ਕਰ ਰਿਹਾ ਹਾਂ। ਧਾਰਮਕ ਰਸਮਾਂ ਅਤੇ ਪਰੰਪਰਕ ਅਡੰਬਰਾਂ ਦੇ ਬਦਲ ਵਿਚ ਅਜੇ ਅਸੀਂ ਇਕ ਸਰਵਪ੍ਰਵਾਨਤ ਅਗਾਂਹਵਧੂ ਢੰਗ ਨੂੰ ਅੱਗੇ ਨਹੀਂ ਲਿਆ ਸਕੇ। ਇਕੱਲੇ ਦੁਕਹਿਰੇ ਅਗੇਰੀ ਸੋਚ ਵਾਲੇ ਵਿਅਕਤੀਆਂ ਦੇ ਵਿਆਹ ਬੇਸ਼ੱਕ ਸਾਦਾ ਰਸਮਾਂ ਨਾਲ ਹੁੰਦੇ ਰਹਿੰਦੇ ਹਨ। ਪਰ ਉਹ ਵੀ ਪਰੰਪਰਾ ਦੇ ਪਾਣੀਆਂ 'ਚ ਕੁਝ ਕੁ ਤਰੰਗਾਂ ਹੀ ਛੇੜ ਸਕਦੇ ਹਨ। ਤੇ ਫਿਰ ਇਕ ਅਠਰੇਵਾਂ! ਅੱਡ ਅੱਡ ਸਭਿਆਚਾਰਕ ਇਨਕਲਾਬੀ ਗਰੁੱਪਾਂ ਦੇ ਪ੍ਰੋਗ੍ਰਾਮ ਹਰ ਜ਼ਿਲੇ ਵਿਚ ਸਾਰਾ ਸਾਲ ਹੁੰਦੇ ਰਹਿੰਦੇ ਹਨ, ਜਿੱਥੇ ਬੱਚਿਆਂ ਤੋਂ ਲੈ ਕੇ ਬੁੱਢਿਆਂ ਤਕ ਆਮ ਲੋਕਾਂ ਦਾ ਇਕੱਠ ਹੁੰਦਾ ਹੈ। ਅਤੇ ਉਨ੍ਹਾਂ ਦੇ ਪਾਣੀ ਧਾਣੀ ਤੇ ਖਾਣ ਪੀਣ ਲਈ ਵੀ ਵਿੱਤ ਤੇ ਲੋੜ ਮੁਤਾਬਿਕ ਸੀਧਾ ਪਤਰ ਹੁੰਦਾ ਹੈ। ਇਸ ਪਲੇਟ ਫਾਰਮ ਨੂੰ ਵਿਆਹ–ਰਸਮ ਲਈ ਵੀ ਵਰਤਿਆ ਜਾਣਾ

ਚਾਹੀਦਾ ਹੈ। ਜਿਸ ਵਿਚ ਲੜਕੇ-ਲੜਕੀ, ਮਾਪੇ (ਜੇ ਸਹਿਮਤ ਹੋਣ) ਦੋਸਤ, ਸਾਥੀ ਅਤੇ ਹੋਰ ਜਮਹੂਰੀ ਲੋਕਾਂ ਦੀ ਸੰਗਤ ਸੁਤੇਸਿੱਧ ਹੋ ਜਾਂਦੀ ਹੈ। ਅਤੇ ਲੜਕੇ ਲੜਕੀ ਦੇ ਦੋਨਾਂ ਘਰਾਂ ਦੇ ਅਣਚਾਹੇ ਰਿਸ਼ਤੇਦਾਰਾਂ ਦੀ ਬੇਲੋੜੀ ਸ਼ਮੂਲੀਅਤ ਤੋਂ ਵੀ ਬਚਿਆ ਜਾ ਸਕਦਾ ਹੈ। ਜਿਸ ਥਾਂ ਪ੍ਰੋਗਰਾਮ ਹੋਣਾ ਹੋਵੇ, ਸੰਬੰਧਿਤ ਥਾਂ ਦੇ ਪ੍ਰਬੰਧਕ ਆਵਦੇ ਘੇਰੇ ਵਿਚਲੇ ਕਿਸੇ ਵੀ ਸਾਥੀ-ਸਾਥਣ (ਚਾਹਵਾਨ) ਨਾਲ ਗੱਲਾਂ ਕਰਕੇ ਉਨ੍ਹਾਂ ਨੂੰ ਅਜੇਹੇ ਸਭਿਆਚਾਰਕ ਪਲੇਟਫਾਰਮਾਂ ਦੀ ਸਹਾਇਤਾ ਮੁਹੱਈਆ ਕੀਤੀ ਜਾ ਸਕਦੀ। ਅਤੇ ਇਸ ਨਾਲ ਹੋ ਰਹੇ ਪ੍ਰੋਗਰਾਮ ਵਿਚ, ਅਜੇਹੇ ਵਿਆਹਾਂ ਨਾਲ ਸੰਬੰਧਤ ਰੰਗਣ ਦੇ ਕੇ-ਇਲਾਕਾ ਨਿਵਾਸੀਆਂ ਵਿਚ ਅਪਣਤ ਅਤੇ ਵਿਸ਼ਵਾਸ਼ ਦਾ ਠੁੱਕ ਬੰਨਿਆ ਜਾ ਸਕਦਾ ਹੈ। ਮੇਰੇ ਇਸ ਸੁਝਾਅ ਵਿਚ ਜੇ ਕੋਈ ਸਾਰਥਕਤਾ ਹੋਵੇ, ਤਾਂ ਸਭਿਆਚਾਰਕ ਕਾਮਿਆਂ ਨਾਲ ਇਸ ਨੂੰ ਜ਼ਰੂਰ ਸਾਂਝਿਆਂ ਕਰਨਾ।

ਸ਼ੁਭ-ਇਛਾਵਾਂ ਸਹਿਤ, ਅਵਤਾਰ ਗੋਂਦਰਾ

**5** ਸਤਿਕਾਰਯੋਗ ਭਾਅ ਜੀ!

ਆਪ ਜੀ ਵਲੋਂ "ਸਿੰਘ ਸਾਹਿਬ...ਬਨਾਮ ਪੰਜਾਬ ਦੇ ਲੋਕ" ਦੇ ਸਿਰਲੇਖ ਹੇਠ ਪੰਜਾਬ ਦੇ ਸਥਾਈ ਮਸਲੇ ਬਾਰੇ ਪੰਜਾਬ ਦੀਆਂ ਸਿਆਸੀ ਧਿਰਾਂ ਉਤੇ ਪੰਜਾਬ ਦੇ ਲੋਕਾਂ ਨੂੰ ਇਖ਼ਲਾਕੀ ਜੁਰਅਤ ਕਰਨ ਦਾ ਸੱਦਾ ਦਿੱਤਾਂ ਗਿਆ ਹੈ ਅਤੇ ਸਿੰਘ ਸਾਹਿਬ ਕੋਲੋਂ ਬੇਦੋਸ਼ਿਆਂ ਦੇ ਕਤਲਾਂ ਨੂੰ ਅਤੇ ਨੌਜਵਾਨਾਂ ਵਲੋਂ ਕੀਤੀਆਂ ਜਾ ਰਹੀਆਂ ਗਲਤ ਕਾਰਵਾਈਆਂ ਨੂੰ ਰੋਕਣ ਲਈ 'ਹੁਕਮਨਾਮਾ' ਜਾਰੀ ਕਰਨ ਦੀ ਮੰਗ ਕੀਤੀ ਹੈ।

ਜਿਥੋਂ ਤਕ 'ਹੁਕਮਨਾਮਾ' ਜਾਰੀ ਕਰਨ ਦਾ ਸਵਾਲ ਹੈ, ਸਿੰਘ ਸਾਹਿਬ ਸਪਸ਼ਟ ਕਰ ਚੁੱਕੇ ਹਨ ਕਿ ਇਹ ਹੁਕਮਨਾਮਾ ਦੇਸ਼ ਵਿਚ ਸਾਰੇ ਧਰਮਾਂ ਦੇ ਮੁਖੀਆਂ ਨੂੰ ਇੱਕੋ ਸਮੇਂ ਇਕੱਠਾ ਕਰਨਾ ਚਾਹੀਦਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਸਿੰਘ ਸਾਹਿਬ ਤੋਂ ਸਿਵਾਏ ਅਜੇ ਤੱਕ ਕਿਸੇ ਹੋਰ ਧਰਮ ਦੇ ਮੁਖੀ ਨੇ ਅਜਿਹਾ ਵਿਸ਼ਵਾਸ਼ ਅਜੇ ਤਕ ਪ੍ਰਗਟ ਕੀਤਾ! ਕਿਉਂ? ਇਸਦਾ ਜਵਾਬ ਅਸੀਂ ਮੰਗਦੇ ਹਾਂ।

ਬਾਕੀ ਰਹੀ ਕਿ 'ਸਮਝੌਤਾ' ਠੀਕ ਧਿਰਾਂ ਵਿਚਕਾਰ ਹੋਣਾ ਚਾਹੀਦਾ ਹੈ। ਉਹ ਵੀ ਪੰਜਾਬ ਦੇ ਬਣਦੇ ਹੱਕਾਂ ਦੀ ਪ੍ਰਾਪਤੀ ਦੀ ਗਰੰਟੀ ਨਾਲ। ਪ੍ਰੰਤੂ ਸਾਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਬਲਿਊ ਸਟਾਰ ਅਪ੍ਰੇਸ਼ਨ ਅਤੇ ਕੰਘੀ ਅਪ੍ਰੇਸ਼ਨ ਦੇ ਨਾਲ ਨਾਲ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ (ਜੋ ਹਿਟਲਰ ਦੀ ਬੱਚੀ ਬਣਨਾ ਚਾਹੁੰਦੀ ਸੀ) ਸਿਖਾਂ ਦਾ ਯੋਜਨਾਬੰਦ ਤਰੀਕਿਆਂ ਨਾਲ ਕਤਲੋਗਾਰਦ ਭਾਵ ਅਣਗਿਣਤ ਲੋਥਾਂ ਦੇ ਢੇਰ ਅਤੇ ਸਿਖ ਮਾਨਸਿਕਤਾ ਦਾ ਜ਼ਖਮੀ ਹੋਣਾ ਇਕ ਅਜਿਹਾ ਸਵਾਲ ਹੈ ਜਿਸਦਾ ਸਾਨੂੰ ਗੰਭੀਰਤਾ ਨਾਲ ਹੱਲ ਲੱਭਣਾ ਚਾਹੀਦਾ ਹੈ ਤਾਂ ਹੀ ਅਸੀਂ ਮਸਲੇ ਦੀ ਜੜ੍ਹ ਪਕੜ ਸਕਦੇ ਹਾਂ... ਨਹੀਂ ਤਾਂ ਅਸੀਂ ਲਾਜ਼ਮੀ ਤੌਰ ਤੇ ਕੇਂਦਰ ਦੇ ਸਹਾਇਕ ਹੋ ਨਿਬੜਾਂਗੇ!

ਤੁਸੀਂ ਲਿਖਿਆ ਹੈ ਕਿ ਅਸਲ ਦੋਸ਼ੀਆਂ ਦੀ ਬਜਾਏ ਕਿਸੇ ਮੁਨਸ਼ੀ ਰਾਮ ਜਾਂ ਸੁਸ਼ੀਲਾ ਕੁਮਾਰੀ ਨੂੰ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ, ਅਸਲ ਦੋਸ਼ੀਆਂ ਦੀ ਬਜਾਏ ਗੱਲ ਉਲਟੇ ਪਾਸੇ ਕੌਣ ਲਜਾਂਦਾ ਹੈ? ਕੀ ਸਮਤਾ, ਇਸਦਾ ਜਵਾਬ ਘੋਖ-ਪੜਚੋਲ ਕੇ ਪੇਸ਼ ਕਰੇਗੀ! ਤੁਸੀਂ ਖਾਹਮਖਾਹ ਇਸਦੇ ਦੋਸ਼ੀ ਪੰਜਾਬ ਦੇ ਨੌਜਵਾਨਾਂ ਨੂੰ ਬਣਾ ਦਿਤਾ ਹੈ ਜਿਵੇਂ ਹਰ ਰੋਜ਼ ਕੇਂਦਰ ਦੇ ਸਾਰੇ ਵਸੀਲਿਆਂ ਰਾਹੀਂ ਅਜਿਹੀ ਭੰਡੀ ਪ੍ਰਚਾਰ ਦੀ ਨੀਤੀ ਲਗਾਤਾਰ ਜਾਰੀ ਹੈ...ਜਦ ਕਿ ਸਿਖਾਂ ਦੀਆਂ ਸਾਰੀਆਂ ਹੀ ਜ਼ੁੰਮੇਂਵਾਰ ਜਥੇਬੰਦੀਆਂ ਨੇ ਇਸ ਤੱਥ ਨੂੰ ਕਈ ਵਾਰ ਸਪਸ਼ਟ ਕੀਤਾ ਹੈ ਕਿ ਇਹ ਕਾਰਵਾਈਆਂ ਸਾਨੂੰ ਬਦਨਾਮ ਕਰਨ ਲਈ ਕੇਂਦਰ ਦੇ ਮਕਾਰ ਸਿਆਸਤਦਾਨ ਕਰਵਾ ਰਹੇ ਹਨ ਜਾਂ ਫਿਰ ਜ਼ਾਤੀ ਦੁਸ਼ਮਣੀਆਂ ਜਾਂ ਖ਼ੁਦਗਰਜੀਆਂ ਦੀ ਇਹ ਦੇਣ ਹੈ।

ਮਸਲੇ ਦੇ ਸਥਾਈ ਹੱਲ ਲਈ ਤੁਸਾਂ ਸਿਆਸੀ ਧਿਰਾਂ ਨੂੰ ਸੱਦਾ ਦਿਤਾ ਹੈ, ਸਾਡੀ ਜਥੇਬੰਦੀ ਵਲੋਂ ਇਹ ਇਕ ਹਾਂ ਪੱਖੀ ਹੁੰਗਾਰਾ ਹੈ ਜਿਸਨੂੰ ਤੁਸੀਂ ਸਮਤਾ ਦੇ ਪਾਠਕਾਂ ਤਕ ਪਹੁੰਚਾਣ ਦੀ ਸਾਡੀ ਬੇਨਤੀ ਕਬੂਲ ਕਰੋਗੇ। ਅਸੀਂ ਇਸ ਦੀ ਆਸ ਕਰਦਾ ਹਾਂ, ਆਪ ਜੀ ਵਲੋਂ,

ਤੁਹਾਡੇ ਅਣਥੱਕ ਯਤਨਾਂ ਨੂੰ ਅਤੇ ਤੁਹਾਡੇ ਦਿਲੋਂ ਨਿਕਲੀ ਮਾਨਵਤਾ ਦੀ ਪੁਕਾਰ ਨੂੰ ਸੁਲਦੇ ਹੋਏ ਸਾਡੀ ਜਥੇਬੰਦੀ ਸਮਤਾ ਦੇ ਪਾਠਕਾਂ ਨੂੰ ਇਹ ਵਿਸ਼ਵਾਸ਼ ਦਬਾਉਂਦੀ ਹੈ ਕਿ ਅਕਾਲ ਤਖਤ ਦੇ ਸਿੰਘ ਸਾਹਿਬ ਉਨ੍ਹਾਂ ਨੂੰ ਅਸੀਂ ਜ਼ੋਰਦਾਰ ਸ਼ਬਦਾਂ ਵਿੱਚ ਬੇਨਤੀ ਕਰਾਂਗੇ, ਅਜਿਹਾ ਕਰਨਾ ਸਾਡਾ ਆਪਣਾ ਵੀ ਫਰਜ਼ ਹੈ।

**ਲਾਲ ਸਿੰਘ ਸੇਖੋਂ** (ਯੂਥ ਅਕਾਲੀ ਦਲ ਪੰਜਾਬ)

**6.** ਇਕ ਹੋਰ ਚਿੱਠੀ

ਮੈਂ ਕਾਫੀ ਸਮੇਂ ਤੋਂ ਸਮਤਾ ਦਾ ਪਾਠਕ ਹਾਂ। ਹੁਣ ਇਕ ਦੋ ਸਮਤਾ ਪੜ੍ਹ ਕੇ ਖਤ ਲਿਖਣਾ ਪਿਆ ਹੈ। ਕਿਉਂਕਿ ਇਨਾਮ ਹਾਲੇ ਲਿਆ ਹੀ ਨਹੀਂ ਤੇ ਇਨਾਮ ਬਾਰੇ (ਬਿਨਾਂ ਕਿਸੇ ਦਲੀਲ ਦੇਣ ਤੋਂ) ਇਨਕਾਰ ਕਰਨ ਵਾਲਿਆਂ ਦੀ ਬੌਣੀ ਸੋਚ ਤੇ ਗੁੱਸਾ ਵੀ ਤੇ ਹਾਸਾ ਵੀ ਆਉਂਦਾ ਹੈ। ਕਿਉਂਕਿ ਇਨਾਮ ਘੋਸ਼ਿਤ ਕਰਨ ਤੋਂ ਪਹਿਲਾਂ ਵੀ ਕਈ ਖ਼ਾਲਸ ਕਮਿਊਨਿਸਟ ਇਨਕਲਾਬੀ ਤੁਹਾਡੇ ਤੇ ਚਿੱਕੜ ਉਛਾਲੀ ਕਰਦੇ ਹੀ ਰਹਿੰਦੇ ਹਨ। ਮੈਂ ਪਿਛਲੇ ਕਾਫੀ ਲੰਬੇ ਸਿਰੇ ਤੋਂ ਕਮਿਊਨਿਸਟ

ਇਨਕਲਾਬੀਆਂ ਦਾ ਇਕ ਹਮਦਰਦ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਪਰ ਜਦੋਂ ਇਨ੍ਹਾਂ ਦੀਆਂ ਆਪਸੀ ਖਹਿਬਾਜ਼ੀਆਂ ਤੇ ਇਕ ਦੂਜੇ ਤੇ ਚਿੱਕੜ ਉਛਾਲੀ ਤੋਂ ਬਿਨਾਂ ਹੋਰ ਕੁਝ ਨਹੀਂ ਵੇਖਦਾ ਤਾਂ ਮਾਨਸਿਕ ਉਲਝਣਾ ਦੀ ਬਿਮਾਰੀ ਦਾ ਸ਼ਿਕਾਰ ਹੋਏ ਰਹੀਦਾ ਹੈ। ਕਈ ਗਰੁੱਪ ਤਾਂ ਅਪ੍ਰੈਲ 69 ਦੇ ਮਤੇ ਨੂੰ ਇਸ ਤਰ੍ਹਾਂ ਚੁੰਬੜੇ ਹੋਏ ਹਨ ਜਿਵੇਂ ਕਿ ਤਲਵੰਡੀ ਪਿਛਲੇ ਸਮੇਂ ਵਿਚ ਅਨੰਦਪੁਰ ਦੇ ਮਤੇ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਸੀ ਕਰਦਾ।

ਅੱਜ ਜਿੰਨਾ ਕੋਲੋਂ ਅਸੀਂ ਇਨਕਲਾਬ ਨੂੰ ਸਹੀ ਸੇਧ ਦੇਣ ਦੀ ਆਸ ਕਰਦੇ ਸੀ ਉਨ੍ਹਾਂ ਤੋਂ ਅਜੇ ਤੱਕ ਦੋਸਤ ਤੇ ਦੁਸ਼ਮਣਾਂ ਦੀ ਪਛਾਣ ਤੱਕ ਨਹੀਂ ਹੋਈ। ਵਿਅਕਤੀਗਤ ਨਿੰਦਕ ਹੋ ਨਿਬੜੇ ਹਨ ਇਹ ਸੱਚੇ ਸੁੱਚੇ ਤੇ ਖਾਲਸ ਇਨਕਲਾਬੀ। ਅੱਜ ਜਦੋਂ ਸਮੇਂ ਦੀ ਲੋੜ ਹੈ ਕਿ ਛੋਟੇ ਮੋਟੇ ਮਤਭੇਦ ਭੁਲਾ ਕੇ ਇਕ ਥਾਂ ਇਕੱਠੇ ਹੋ ਕੇ ਜਨਤਾ ਨੂੰ ਲਾਮਬੰਦ ਕਰਦੇ ਹੋਏ ਇਨਕਲਾਬ ਵਲ ਵਧੀ ਏ ਉਥੇ ਮੈਗਜ਼ੀਨਾਂ ਦੀ ਗਿਣਤੀ ਵਧਾਉਣ ਦਮਗਜੇ ਮਾਰੇ ਜਾਦੇ ਹਨ। ਅਤੇ ਖੁੱਡਾਂ ਵਿਚ ਬੈਠ ਕੇ ਇਨਕਲਾਬੀ ਮੈਗਜ਼ੀਨਾਂ ਵਿਚ ਇਕ ਦੂਜੇ ਤੇ ਸ਼ਬਦੀ ਗੋਲਾ ਬਰੂਦ ਦੀ ਵਰਖਾ ਕਰਦੇ ਹਨ। ਉਹਨਾਂ ਨੂੰ ਕਦੇ ਸਕਾਚ ਵਿਸਕੀ ਅਤੇ ਸੁੰਦਰ ਔਰਤਾਂ ਬਦਲੇ ਸਾਡੇ ਦੇਸ਼ ਦੇ ਭੇਦ ਦੂਜੇ ਦੇਸ਼ਾਂ ਨੂੰ ਵੇਚਦੇ ਇਹ ਲੀਡਰ ਅਤੇ ਵਡੇ ਵਡੇ ਕੁਰੱਪਟ ਅਫਸਰ ਤੇ ਸਵਿਸ ਬੈਂਕਾਂ ਵਿਚਲੇ ਧਨ ਕੁਬੇਰ ਨਕਾਬਪੋਸ਼ ਅਤਿਵਾਦੀ (ਨਕਾਬ ਭਾਵੇਂ ਸਿਆਸਤ ਜਾਂ ਧਾਰਮਿਕ ਹੋਈ ਕਦੇ ਵੀ ਨਜ਼ਰ ਨਹੀਂ ਆਉਂਦੇ।

ਬਾਕੀ ਮਲਵਿੰਦਰ ਮਾਲੀ ਵਰਗੇ ਆਪਣੇ ਆਪ ਨੂੰ ਕਮਿਊਨਿਸਟ ਇਨਕਲਾਬੀ ਕਹਾਉਣ ਵਾਲੇ ਅਜਿਹੇ ਯੋਧੇ ਹਨ ਜਿਹੜੇ ਕਿ ਇਸ ਲਹਿਰ ਵਿਚ ਸਿਰਫ ਇਹ ਸੋਚਕੇ ਹੀ ਆਏ ਸਨ ਕਿ ਆਹ ਵੱਟ ਤੇ ਪਿਆ ਹੈ ਇਨਕਲਾਬ ਤੇ ਅਸੀਂ ਮੂਹਰੇ ਹੋ ਕੇ ਲੈ ਹੀ ਆਉਣਾ ਹੈ। ਹੁਣ ਉਨ੍ਹਾਂ ਨੂੰ ਲੱਗਦਾ ਹੈ ਕਿ ਇਨਕਲਾਬ ਤਾਂ ਆਉਣਾ ਨਹੀਂ ਸ਼ਾਇਦ ਖਾਲਸਤਾਨ ਹੀ ਬਣ ਜਾਵੇ। ਅਤੇ ਚਲੇ ਗਏ ਉਨ੍ਹਾਂ ਦੀ ਹਮਾਇਤ ਤੇ ਪੰਜਾਬੀ ਕੌਮ ਦੀਆਂ ਬੁਰਕੀਆਂ ਲੈ ਕੇ। ਅੱਜ ਖਾਲਸਤਾਨੀ ਸਮਾਜ ਸੁਧਾਰ ਦਾ ਬੁਰਕਾ ਪਾ ਕੇ ਆਏ ਹਨ ਤੇ ਨਸ਼ਾਬੰਦੀ ਦੀਆਂ ਫੜਾਂ ਮਾਰਦੇ ਹਨ। ਉਹ ਅਫੀਮ, ਭੰਗ, ਪੋਸਤ (ਡੋਡਿਆਂ) ਬਾਰੇ ਕਿਉਂ ਨਹੀਂ ਬੋਲਦੇ ਕਿਉਂਕਿ ਪਿਛਲੇ ਸਮੇਂ ਉਨ੍ਹਾਂ **ਬਾਦਲ, ਟੌਹੜਾ ਤੇ ਤਲਵੰਡੀ, ਤਿੰਨੇ ਇਹ ਅਫੀਮ ਦੀ ਮੰਡੀ** ਬਾਰੇ ਪੜਿਆ ਤੇ ਸੁਣਿਆ ਹੋਇਆ ਹੈ। ਅੱਜ ਉਨ੍ਹਾਂ ਦੀ ਹਮਾਇਤ ਹੋਣ ਕਰਕੇ ਉਨ੍ਹਾਂ ਦਾ ਨਸ਼ਾ ਪੱਤਾ ਚੱਲਦਾ ਹੈ। ਸ਼ਰਾਬ ਤੇ ਤੰਬਾਕੂ ਬਾਰੇ ਤਾਂ ਇਹ ਕੋਈ ਵਿਗਿਆਨਕ ਦਲੀਲ ਲੱਭ ਲੈਣਗੇ (ਭਾਵੇਂ ਵਿਗਿਆਨ ਨੇ ਹੁਣੇ ਤੱਕ ਧਰਮ ਨੂੰ ਨਕਾਰਿਆ ਹੀ ਹੈ) ਪਰ ਮੀਟ ਅਤੇ ਨਾਈਆਂ ਬਾਰੇ ਇਹ ਕੀ ਦਲੀਲ ਦਿੰਦੇ ਹਨ। ਦਿੱਲੀ ਦੰਗਿਆਂ ਦੇ ਮੁਖ ਦੋਸ਼ੀਆਂ ਬਾਰੇ ਇਨ੍ਹਾਂ ਦਾ ਅਕਾਲ ਤਖਤ ਕਿਉਂ ਚੁੱਪ ਹੈ।

ਇਨਕਲਾਬੀ ਸ਼ੁਭ ਇਛਾਵਾਂ ਸਹਿਤ।

**ਸੁਖਮਿੰਦਰ ਬਾਗੀ**

**7.** ਮਈ ਅੰਕ ਵਿਚ ਸਾਥੀ ਜੁਗਿੰਦਰ ਸਿੰਘ ਦਾ ਇਹ ਨੁਕਤਾ ਵੀ ਦੇਖਣਯੋਗ ਹੈ ਕਿ ਭਾਰਤੀ ਲੋਕਾਂ ਲਈ ਨਵੀਂ ਥਿਊਰੀ ਕਾਇਮ ਕਰਨਾ। ਪਰ ਇਹ ਗੱਲ ਨਹੀਂ ਕਿ ਅਸੀਂ ਮਾਰਕਸਵਾਦ, ਲੈਨਿਨਵਾਦ, ਮਾਓਵਾਦ ਨੂੰ ਛੱਡ ਦਈਏ। ਇਸ ਫਲਸਫੇ ਨੂੰ ਮੁਖ ਰਖਦੇ ਹੋਏ ਨਵੀਂ ਥਿਊਰੀ ਬਣਾਈਏ।

o ਸਿੰਘ ਸਾਹਿਬ ਬਨਾਮ ਸੁਨੀਲ ਦੱਤ ਵਿਚ ਚੰਗੇ ਨੁਕਤੇ ਸਨ ਜੋ ਵਾਕਈ ਸਿੰਘ ਸਾਹਿਬ ਨੂੰ ਪੁਛਣੇ ਬਣਦੇ ਸਨ। ਗੁਰੂ ਨਾਨਕ ਸਾਹਿਬ ਇਹ ਕਹਿੰਦੇ ਰਹੇ ਕਿ ਨਾ ਕੋਈ ਹਿੰਦੂ ਨਾ ਕੋਈ ਮੁਸ਼ਲਮਾਨ ਤੇ ਅੱਜ ਦੇ ਇਹ ਸਿੰਘ ਸਿਖ ਵਖਰੀ ਕੌਮ ਦਾ ਦਾਅਵਾ ਕਰਦੇ ਹਨ। ਲੋੜ ਹੈ ਇਹਨਾਂ ਨੂੰ ਸਿਖ ਫਲਸਫੇ ਨੂੰ ਪੜਚੋਲਣ ਦੀ।

—ਪ੍ਰੀਤ ਫ਼ਰੀਦਕੋਟੀ

o

---

**ਸਨਮਾਨ ਬਾਰੇ ਵਾਦਵਿਵਾਦ:** ਇਸ ਸਬੰਧ ਵਿਚ ਬਹੁਤ ਸਾਰੀਆਂ ਚਿੱਠੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਸਨਮਾਨ ਲੈਣ ਜਾਂ ਨਾ ਲੈਣ ਬਾਰੇ ਦਲੀਲਾਂ ਸਹਿਤ ਰਾਵਾਂ ਆਈਆਂ ਹਨ। ਇਸ ਸਨਮਾਨ ਬਾਰੇ ਇਹੀ ਪਤਾ ਲਗਿਆ ਹੈ ਕਿ ਇਹ ਚੰਡੀਗੜ੍ਹ ਦੇ ਕੁਝ ਬੁਧੀਜੀਵੀਆਂ ਅਤੇ ਸ਼ਹਿਰੀਆਂ ਦੀ ਇਕ ਕਮੇਟੀ ਦੀ ਸਫਾਰਸ਼ ਤੇ ਏਲਾਨਿਆ ਗਿਆ ਸੀ। ਪੰਜਾਬ ਸਰਕਾਰ ਦੇ ਕੁਝ ਹਲਕਿਆਂ ਵਲੋਂ ਇਸਦੀ ਵਿਰੁਧਤਾ ਕੀਤੀ ਜਾ ਰਹੀ ਹੈ। ਕੁਝ ਹੋਰ ਸੰਸਥਾਵਾਂ ਨੇ ਵੀ ਇਸ ਬਾਰੇ ਪ੍ਰਧਾਨ ਮੰਤਰੀ ਅਤੇ ਗਵਰਨਰ ਨੂੰ ਚਿਠੀਆਂ ਪਾਈਆਂ ਹਨ। ਸਨਮਾਨ ਕਮੇਟੀ ਅਪਣੇ ਫੈਸਲੇ ਤੇ ਦ੍ਰਿੜ ਹੈ। ਕੁਝ ਫੈਸਲਾ ਹੋਣ ਤਕ ਇਸ ਵਾਦਵਿਵਾਦ ਨੂੰ ਪਬਲਿਕ ਵਾਦਵਿਵਾਦ ਬਨਾਉਣ ਤੋਂ ਸੰਕੋਚ ਕੀਤਾ ਜਾ ਰਿਹਾ ਹੈ ਤਾਂ ਜੋ ਕੁਝ ਸੁਹਿਰਦ ਕਿਸਮ ਦੇ ਲੋਕ ਜੋ ਸਰਕਾਰੀ ਅਦਾਰਿਆਂ ਵਿਚ ਕੰਮ ਕਰ ਰਹੇ ਹਨ, ਉਹਨਾਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ/ਗੁਰਸ਼ਰਨ ਸਿੰਘ

---

Regd. with Registrar, News Paper Vide No MA/12397-D dated 18 4 8
Post Office No P/AR—133

## ਘੱਟ-ਗਿਣਤੀ-ਫਿਰਕੇ (ਸਿੱਖਾਂ) ਦੇ ਕਾਤਲਾਂ ਦੀ ਰਾਖੀ ਕਰਦੀ ਮਿਸ਼ਰਾ ਰਿਪੋਰਟ ਦਾ ਵਿਰੋਧ ਕਰੋ

ਨਵੰਬਰ 84 'ਚ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਦਿੱਲੀ, ਕਾਨ੍ਹਪੁਰ, ਲਖਨਊ, ਬੜੌਦਾ, ਕਲਕੱਤੇ ਤੋਂ ਇਲਾਵਾ ਭਾਰਤ ਦੀਆਂ ਅਨੇਕਾਂ ਥਾਵਾਂ ਤੇ ਘੱਟ ਗਿਣਤੀ ਫਿਰਕੇ (ਸਿੱਖਾਂ) ਉਤੇ ਬਿਨਾਂ ਕਿਸੇ ਕਸੂਰ ਜੋ ਜ਼ੁਲਮ ਕੀਤਾ ਗਿਆ ਸੀ ਉਸ ਦੇ ਜ਼ੁੰਮੇਵਾਰਾਂ ਦੀ ਜਾਣ ਪਹਿਚਾਣ ਕਰਨ ਲਈ ਜੋ ਕਮਿਸ਼ਨ ਭਾਰਤੀ ਸਰਕਾਰ ਦੀ ਸਰਪ੍ਰਸਤੀ ਹੇਠ ਬਣਾਇਆ ਗਿਆ ਸੀ, ਉਸ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੂੰ **"ਭਾਵ ਇਨਸਾਫ ਪਸੰਦ ਅਤੇ ਡੈਮੋਕਰੈਟਿਕ ਲੋਕਾਂ ਦੇ ਇਕ ਹਿੱਸੇ ਵਲੋਂ ਉਡੀਕਿਆ ਜਾ ਰਿਹਾ ਸੀ ਅਤੇ ਬਾਅਦ 'ਚ ਸਰਕਾਰ ਵਲੋਂ ਅਸਲੀ ਮੁਜਰਮਾਂ ਨੂੰ ਸਜ਼ਾਵਾਂ ਦੇਣ ਬਾਰੇ ਵੀ ਉਮੀਦਾਂ ਰੱਖੀਆਂ ਜਾ ਰਹੀਆਂ ਸਨ।"** ਪਰ ਭਾਰਤੀ ਸਰਕਾਰ ਦੀ ਕੁਰਸੀ ਤੇ ਬਿਰਾਜਮਾਨ ਰਾਜੀਵ ਗਾਂਧੀ ਅਤੇ ਉਸ ਦੇ ਜੋਟੀਦਾਰਾਂ ਵਲੋਂ ਪੇਸ਼ ਕੀਤੀ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੇ ਦਰਸਾ ਦਿੱਤਾ ਕਿ ਭਾਰਤੀ ਸਰਕਾਰ ਦੀ ਭਾਈਵਾਲੀ ਬੇਕਸੂਰੇ ਲੋਕਾਂ ਦੇ ਕਾਤਲਾਂ ਨਾਲ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇੰਦਰਾ ਗਾਂਧੀ ਨਾਲ ਹਮਦਰਦੀ ਰੱਖਦੇ ਲੋਕਾਂ ਵਲੋਂ ਕੁਝ ਘਬਰਾਹਟ 'ਚ ਆ ਕੇ ਬੇਕਸੂਰੇ ਲੋਕਾਂ ਦੀਆਂ ਧੀਆਂ ਭੈਣਾਂ ਨੂੰ ਚੌਰਾਹਿਆਂ 'ਚ ਬੇਪਤ ਕੀਤਾ। ਕੁਝ ਦੋਸ਼ ਦਿੱਲੀ ਦੀ ਪੁਲੀਸ ਦੇ ਹੇਠਲੇ ਦਰਜੇ ਦੇ ਕਰਮਚਾਰੀਆਂ ਸਿਰ ਥੱਪਿਆ ਗਿਆ। ਕੁਝ ਕਸੂਰ ਥੱਲੇ ਦਰਜੇ ਦੇ ਕਾਂਗਰਸੀ-ਆਂ ਸਿਰ ਥੱਪ (ਜਿਨ੍ਹਾਂ ਨੂੰ ਅਗਲੀ ਕਾਰਵਾਈ ਚੋਂ ਬਰੀ ਵੀ ਕਰ ਦਿਤਾ) ਕੇ ਰਾਜੀਵ ਗਾਂਧੀ ਨਾਲ ਕੁਰਸੀ ਤੇ ਬੈਠੇ ਹ.ਲ. ਭਗਤ ਅਤੇ ਟਾਇਟਲਰ ਵਰਗੇ ਟਾਇਟਲਰ ਵਰਗੇ 65 ਹੋਰ ਕਾਂਗਰਸ ਆਈ ਦੇ ਮੁੱਖ ਕਾਰਕੁਨਾਂ ਨੂੰ ਬਿਲਕੁਲ ਦੁਧ-ਧੋਤੇ ਦੱਸਿਆ ਗਿਆ। ਦੂਸਰੇ ਪਾਸੇ ਇਹਨਾਂ ਦੰਗਿਆਂ ਬਾਬਤ ਪੀ. ਯੂ. ਸੀ. ਐਲ, ਪੀ. ਯੂ. ਡੀ ਆਰ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਛਾਪੇ ਗਏ ਕਿਤਾਬਚੇ 'ਦੋਸ਼ੀ ਕੌਣ ਹਨ' ਨੇ ਰਿਪੋਰਟ 'ਚ ਕਿਹਾ ਸੀ ਕਿ ਸਭ ਘਟਨਾਵਾਂ ਇਕ ਸੋਚੀ ਸਮਝੀ ਸਕੀਮ ਰਾਹੀਂ ਕਾਂਗਰਸ ਆਈ ਦੇ ਲੀਡਰਾਂ ਵਲੋਂ ਖੁਦ ਅੱਗੇ ਹੋ ਕੇ ਅਤੇ ਰਾਜਸੀ ਤਾਕਤ ਦੀ ਮਸ਼ੀਨਰੀ ਰਾਹੀਂ ਕਰਵਾਈਆਂ ਸਨ। 'ਦੋਸ਼ੀ ਕੌਣ ਹਨ' ਕਿਤਾਬਚੇ ਨੇ ਦੋਸ਼ੀਆਂ ਦੇ ਨਾਵਾਂ ਉਪਰ ਉਂਗਲੀ ਵੀ ਰੱਖੀ ਪਰ ਮਿਸ਼ਰਾ ਕਮਿਸ਼ਨ ਨੇ ਆਪਣੇ ਕੋਲੋਂ ਝੂਠੀਆਂ ਰਿਪੋਰਟਾਂ ਤਿਆਰ ਕਰਕੇ ਅਸਲੀ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਗਵਾਹੀ ਲਈ ਸੱਦਿਆ ਗਿਆ ਪਰ ਬਾਅਦ 'ਚ ਗੁਰਦੁਆਰਾ ਕਮੇਟੀ ਦੀ ਰਿਪੋਰਟ ਨੂੰ ਵੀ ਅਣਗੌਲਿਆ ਕਰ ਦਿੱਤਾ।

ਸਾਡੀ ਜਥੇਬੰਦੀ ਭਾਰਤੀ ਸਰਕਾਰ ਵਲੋਂ ਪੇਸ਼ ਕੀਤੀ ਗਈ ਰਿਪੋਰਟ ਨੂੰ ਡੇਮੋਕਰੇਸੀ 'ਚ ਯਕੀਨ ਰਖਣ ਵਾਲਿਆਂ ਨੂੰ ਕੀਤਾ ਗਿਆ ਕੋਝਾ ਮਜ਼ਾਕ ਸਮਝਦੀ ਹੈ ਅਤੇ ਇਸ ਨੂੰ ਕਾਤਲਾਂ ਵਲੋਂ ਪੇਸ਼ ਕੀਤੀ ਗਈ ਝੂਠੀ ਸਫ਼ਾਈ ਸਮਝਦੀ ਹੈ। ਅਸੀਂ ਸਮਝਦੇ ਹਾਂ ਕਿ ਕਾਤਲਾਂ ਦੀ ਸਰ-ਪ੍ਰਸਤੀ 'ਚ ਬੈਠਾਏ ਗਏ ਕਮਿਸ਼ਨ ਕਦੇ ਵੀ ਦੋਸ਼ੀਆਂ ਉਤੇ ਉਂਗਲੀ ਨਹੀਂ ਧਰਨਗੇ। ਅਸੀਂ ਸਾਰੇ ਲੋਕਾਂ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਮਿਸ਼ਰਾ ਕਮਿਸ਼ਨ ਜਹੇ ਭਾਰਤੀ ਸਰਕਾਰ ਦੇ ਸਪੈਂਟਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇ ਅਤੇ ਅਸਲੀ ਦੋਸ਼ੀਆ ਨੂੰ ਕਟਿਹਰੇ 'ਚ ਖੜੇ ਕਰਨ ਲਈ ਲੋਕ ਅਵਾਜ਼ ਬੁਲੰਦ ਕੀਤੀ ਜਾਵੇ ਤਾਂ ਜੋ ਅਗੋਂ ਤੋਂ ਅਜਿਹੇ ਦੋਸ਼ੀਆਂ ਨੂੰ ਨੱਥ ਪਾਈ ਜਾ ਸਕੇ।

ਜਾਰੀ ਕਰਦਾ : ਦੇਵ ਲਾਲੀ
ਜਥੇਬੰਦਕ ਜਾਇੰਟ ਸਕੱਤਰ, ਡੈਮੋਕਰੈਟਿਕ ਫੈਡਰੇਸ਼ਨ ਔਫ ਇੰਡੀਅਨ ਕੈਨੇਡੀਅਨ ਪੋਸਟ ਬਾਕਸ ਨੰ: 210
ਕਲੀਨਬਰਗ (ਉਨਟਾਰੀਓ) ਕੈਨੇਡਾ

---


**13 ਜੂਨ ਰਾਤ 9 ਵਜੇ ਤੋਂ 14 ਜੂਨ ਸਵੇਰੇ 5 ਵਜੇ ਤਕ**

**ਪੰਜਾਬੀ ਭਵਨ ਲੁਧਿਆਣੇ ਵਿਚ**

**ਇਨਕਲਾਬੀ ਕੇਂਦਰ ਪੰਜਾਬ ਵਲੋਂ ਕਾਨਫਰੰਸ ਅਤੇ ਸਭਿਆਚਾਰਕ ਪ੍ਰੋਗਰਾਮ**

ਸਭਿਆਚਾਰਕ ਪ੍ਰੋਗਰਾਮ ਵਿਚ ਪੇਸ਼ ਕੀਤੇ ਜਾਣਗੇ ਨਾਟਕ

o ਦਾਸਤਾਨ-ਏ ਪੰਜਾਬ   o ਬੇਰੁਜ਼ਗਾਰ   o ਨਾਇਕ   o ਅੱਖੀਆਂ

o ਇਨਕਲਾਬੀ ਐਕਸ਼ਨ ਗੀਤ   o ਪਿਆਰਾ ਸਿੰਘ ਸਹਿਰਾਈ 'ਵਾਰ ਤਰਸੇਮ ਬਾਵੇ ਦੀ' ਦਾ ਨਾਟਕੀ ਵੀਚੈਰ

ਇਸ ਪ੍ਰੋਗਰਾਮ ਲਈ ਖੁਲ੍ਹਾ ਸਦਾ ਹੈ

**ਗੁਰਸ਼ਰਨ ਸਿੰਘ,** ਕਨਵੀਨਰ ਇਨਕਲਾਬੀ ਕੇਂਦਰ